# ਚੁੱਪ ਦੀ ਹੂਕ..

(ਗ਼ਜ਼ਲਾਂ)

# ਚੁੱਪ ਦੀ ਹੂਕ..

(ਗ਼ਜ਼ਲਾਂ)

ਦੀਪ ਜ਼ੀਰਵੀ

*Poetry/Punjabi Poetry*

**Chup Di Huuk..**

*by*

**Deep Zirvi**
S/o Vaid Jagdish Sharma
9/142, Mohalla Kamboan, ZIRA-142047
Mob: 98155-24600
E-mail : deepzirvi6917@gmail.com
www.chitravliblogspot.com

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010, Author*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer’s prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਿਤ

ਮੇਰੇ ਮਾਤਾ ਪਿਤਾ; ਮੇਰੇ ਪਰਿਵਾਰ ਦੇ ਨਾਮ

ਜਿਸ ਨਾਲ ਮੈਂ ਵੱਸਦਾ ਹਾਂ; ਜੋ ਮੇਰੇ ਮਨ ਵਿੱਚ ਵੱਸਦਾ ਹੈ

ਜਿਸ ਤੋਂ ਚੁਰਾਇਆ ਸਮਾਂ

ਇਸ ਪੁਸਤਕ ਨੂੰ ਪੂਰਨ ਕਰਨ ਵਿੱਚ ਲੱਗਿਆ

## ਪੁਸਤਕ ਦੀਆਂ ਪਹਿਲੀਆਂ ਪੰਜ ਪ੍ਰਤੀਆਂ

- ਆਪਣੀ ਛੋਟੀ ਭੈਣ ਸ੍ਰੀਮਤੀ ਅੰਜੂ ਰੱਤੀ ਅਤੇ ਜੀਜਾ ਜੀ ਸ੍ਰੀ ਵਰਿੰਦਰ ਰੱਤੀ ਨੂੰ ਸਾਦਰ ਭੇਂਟ
- ਜਨਾਬ ਸੁਲੱਖਣ ਸਰਹੱਦੀ ਜੀ ਨੂੰ ਸਾਦਰ ਭੇਂਟ
- ਡਾ. ਸੁਸ਼ੀਲ ਰਹੇਜਾ ਜੀ ਨੂੰ ਸਾਦਰ ਭੇਂਟ
- ਆਕਾਸ਼ਵਾਣੀ ਕੇਂਦਰ ਜਲੰਧਰ ਦੇ ਡਾ. ਰਸ਼ਮੀ ਖੁਰਾਣਾ ਜੀ ਨੂੰ ਸਾਦਰ ਭੇਂਟ
- ਆਕਾਸ਼ਵਾਣੀ ਜਲੰਧਰ ਦੇ ਪ੍ਰੋਗਰਾਮ ਦੇਸ਼ ਪੰਜਾਬ ਦੀ ਸਮੂਹ ਟੀਮ ਦੇ ਨਾਮ ਸਾਦਰ ਭੇਂਟ

## ਤਤਕਰਾ


- ਰੰਗ-ਏ-ਮਾਰਫਤ 13
- ਚੰਬੇ ਦੀ ਬੂਟੀ 14
- ਦਿਲ ਦਾ ਕਿਤੇ 15
- ਰੂਹ ਭੁੱਖੀ ਹੈ ਮੇਰੀ 16
- ਸਭ ਕੁਝ ਠੀਕ ਹੈ 17
- ਫੁੱਲ ਸ਼ਬਦ 18
- ਲਾਇਆ ਦਿਲ 19
- ਨਵਾਂ ਸਵੇਰਾ 20
- ਮੇਰੀ ਭਟਕਣ 21
- ਆਪਣੀ ਲੋਥ 22
- ਜੂਨ 23
- ਆ ਨੀ ਹੀਰੇ 24
- ਮੇਰਾ ਹੋਣ ਤੋਂ ਪਹਿਲਾਂ 25
- ਉਦਾਸੀ ਛਾ ਗਈ ਹੈ 26
- ਜਾਂ ਕਰੋ ਇਨਕਾਰ 27
- ਮੈਂ ਤਾਂ ਖਵਰੇ ਜਨਮਿਆਂ 28
- ਅਜ ਕਲ੍ਹ 29
- ਮੇਰੇ ਨਗਰ ਦੇ ਲੋਕ 30
- ਖ਼ਾਬ ਏਹੀ 31
- ਯਾਦ ਸੁਹਣਾ ਆ ਗਿਆ 32
- ਜੇ ਅਜ ਰਾਤ ਨੂੰ 33
- ਚੰਗਾ ਸੀ 34
- ਬੁਲਾਇਆ ਤੈਨੂੰ 35
- ਆ ਜਾ ਬਣ 36
- ਸਾਡੇ ਹੱਥੀਂ ਕਾਸੇ 37
- ਅੱਖੀਆਂ ਲਾਉਣਾ ਸੌਖਾ 38
- ਆਪਣੇ ਵਰਗਾ 39
- ਸੁਹਾਣੀ ਚਾਂਦਨੀ 40
- ਅੰਦਰ ਬਾਹਰ ਰੌਸ਼ਨੀ 41
- ਮੱਥੇ 42
- ਪਿੱਪਲ ਟਾਹਣੇ ਅੜਿਆ ਚੰਨ 43
- ਜਦ ਭੌਰ ਕਲੀ ਨੂੰ ਛੇੜੇ 44
- ਸਾਲੂਆਂ ਨੂੰ ਬਿੰਦੀਆਂ ਨੂੰ 45
- ਇਹ ਦਿਲ ਧੜਕਣ ਧੜਕਣ 46
- ਬਾਣੀ ਤਾਈਂ ਮੱਥਾ ਟੇਕੇ 47
- ਮੇਰੇ ਜਿਹਾ ਹੀ ਦਿਲਜਲਾ 48
- ਅਮਰੀਕਾ ਦੀ ਥਾਣੇਦਾਰੀ 49
- ਨ੍ਹੇਰ ਹਮੇਸ਼ਾ ਰੋਲਦਾ 50
- ਉਧਲੀਆਂ ਕਵਿਤਾਵਾਂ 51
- ਮਨ ਦੇ ਜੰਗਲ ਅੰਦਰ 52
- ਟੁਕੜੇ ਟੁਕੜੇ ਚੁੱਪ 53
- ਬਰੂਹੀਂ ਤੇਲ ਚੋ ਰੱਖਣਾ 54
- ਵੱਖੀ ਪਾੜ ਹਨੇਰੇ ਦੀ 55
- ਕੀ ਦਿਲ ਤੇ ਕੀ ਦਿਲਬਰੀਆਂ 56
- ਸਾਗਰ ਸਾਗਰ 57
- ਉਮਰ ਗੁਜਰੀ 58
- ਪੀੜ ਪ੍ਰਾਹੁਣੀ 59
- ਤੇਰੇ ਲਬ ਜੋ ਪਿਆਸੇ ਨੇ 60
- ਮੇਰੇ ਸੁਆਸਾਂ ਦੀ ਹਰ ਤਾਰ ਤੇ 61
- ਸ਼ੂਕਦੇ ਦਰਿਆ ਕਦੇ ਸੀ 62

- ਦਿਲਾਂ ਤੇ ਦਾਗ਼ 63
- ਪਤੰਗੇ ਦੀ ਅਤੇ ਮੇਰੀ ਬਣੀ ਸੀ 64
- ਤੇਰਾ ਖਿਆਲ ਆਇਆ 65
- ਇਕਲਾਪੇ ਨੂੰ 66
- ਪੌਣ ਬਣ ਕੇ 67
- ਢਲਦਾ ਢਲਦਾ 68
- ਅੱਖੀਆਂ ਛਹਿਬਰ ਲਾਈ 69
- ਰੋਗ ਹਿਜ਼ਰ 70
- ਮੁਹੱਬਤ ਕਰਾਂਗੇ ਅਸੀਂ ਵੀ ਕਦੇ 71
- ਕਦੇ ਰੋਸੇ ਕਦੇ ਝਗੜੇ 72
- ਸੈ ਯੁੱਗਾਂ ਤੋਂ 73
- ਹਰ ਇਕ ਰੁੱਤੇ 74
- ਯੁਗੜੇ ਹੋਏ ਰੁਲਦਿਆਂ 75
- ਤੇਰੇ ਗ਼ਮ ਅਸਾਨੂੰ 76
- ਤੇਰੇ ਰਾਹੀਂ ਦੀਵੇ 77
- ਸੁਹਾਣੀ ਚਾਂਦਨੀ 78
- ਦੁਨੀਆਦਾਰੀ ਦੇ ਕੋਹਲੂ 79
- ਗੁਜਰ ਜਾਂਦੇ ਜਦੋਂ ਲਮਹੇ 80
- ਸ਼ਾਮ ਠਰਦੀ ਰਹੀ 81
- ਸਭ ਨੂੰ ਲਾਰੇ 82
- ਪੌਣਾਂ ਨੂੰ ਪਾਜ਼ੇਬਾਂ 83
- ਹਾਸੇ ਹਾਸੇ ਵਿਚ 84
- ਸਾਗਰ ਦੇ ਆਸ-ਪਾਸ 85
- ਬਰੂਹੀਂ ਤੇਲ ਚੋਅ ਰੱਖਣਾ 86
- ਕਰ ਯਾਦ ਮੇਰੇ ਮਹਿਰਮ 87
- ਆਵੋਗੇ ਕਿਸੇ ਦਿਨ 88
- ਕਦੇ ਕਦਾਈ ਆਵੇਂ ਤਾਂ 89
- ਸਾਵਣ ਦੀ ਰੁੱਤ 90
- ਤੇਰੀਆਂ ਸੋਚਾਂ 91
- ਕਿਸ ਦਰ ਅਲਖ ਜਗਾਵਾਂ ? 92
- ਸਾਨੂੰ ਅੱਜ ਸੁਹਣੇ ਯਾਰ 93
- ਪਾਣੀ 94
- ਮੈਂ ਰਿਹਾ ਵਾਂ 95
- ਕਰ ਯਾਦ 96
- ਦੀਪ ਨ੍ਹੇਰੇ ਦੇ ਵੈਰੀ 97
- ਗਜ਼ਲ ਦੀ ਵੀਣੀ 98
- ਹਾਦਸਾ ਦਰ ਹਾਦਸਾ 99
- ਕੁਝ ਤਾਂ ਆਖਣ 100
- ਅੰਤਰ ਦੀਪ ਪਛਾਣੀਏ 101
- ਦੀਪ ਮਿੱਟੀ ਦਾ ਜਗੂ 102
- ਰਹਿਣ ਦੇ 103
- ਮਨ ਦੀ ਮਮਟੀ 104

# ਭੂਮਿਕਾ

* ਮਾਂ ਦੀ ਮਾਂ ਨੂੰ ਸੌ ਸਲਾਮਾਂ, ਜਨਮਿਆ ਜਿਨ ਮੇਰੀ ਮਾਂ ਨੂੰ
ਮੋਹ 'ਚ ਭਿੱਜੇ ਮਾਤ ਰੂਪੀ, ਰਿਸ਼ਤਿਆਂ ਨੂੰ ਸੌ ਸਲਾਮ

* ਕਹਾਉਣਾ ਦੀਪ ਸੌਖਾ ਨਹੀਂ, ਜਲਾਉਣਾ ਜਿਗਰ ਸੌਖਾ ਨਹੀਂ
ਪੁਗਾਵਣ ਵਾਸਤੇ ਇਹ ਸ਼ੌਕ ਦਿਲ ਨੂੰ ਲਾਟ ਜਿਉਂ ਰੱਖਦਾ।

* ਕੱਚੇ ਵਿਹੜੇ ਜਦ ਹੁੰਦੇ ਸੀ ਰਿਸ਼ਤੇ ਤਦ ਸਨ ਪੱਕੇ
ਕੀਤੇ ਪੱਕੇ ਵਿਹੜਿਆਂ ਕੱਚੇ ਮੋਹਾਂ ਦੇ ਸਿਰਨਾਵੇਂ।

* ਦਰਦਾਂ ਦੇ ਵਰਕੇ ਦੇ ਉੱਤੇ ਉਕਰਾਂ ਠੰਢੀਆਂ ਹਾਵਾਂ।
ਰਾਤ ਦਿਨ ਮੈਂ ਟੋਲ਼ਦਾ ਫਿਰਦਾਂ ਉੱਧਲੀਆਂ ਕਵਿਤਾਵਾਂ।

* ਜੇ ਦਿੱਲੀਏ ਤੂੰ ਅਮਰੀਕੇ ਦੀ ਬੁੱਕਲ 'ਚੋਂ ਨਾ ਨਿਕਲੀ
ਤੈਨੂੰ ਧੂਹ ਕੇ ਲੈ ਆਵਣਗੇ ਰੋਹਾਂ ਦੇ ਸਿਰਨਾਵੇਂ।

* ਨਿਰਾ ਹੀ ਨੂਰ ਹੈ ਉਲਫਤ ਹਨੇਰੇ ਦੀ ਕਜ਼ਾ ਸਾਥੀ,
ਇਸ਼ਕ ਦੇ ਦੀਪ ਦਰਗਾਹੀਂ ਹਮੇਸ਼ਾ ਬਾਲ ਕੇ ਰੱਖਣਾ।

* ਗ਼ਜ਼ਲੇ ਤੂੰ ਪਰਦੇਸਣ ਹੋਈਓਂ ਛਮ-ਛਮ ਨੇਤਰ ਵਰ੍ਹਦੇ ਨੇ,
ਯਾਦ ਆ ਜਾਵੇ ਤੇਰਾ ਮੁਖੜਾ ਸਰਦਲ ਤੇ ਜਦ ਦੀਪ ਜਗੇ।

ਇਹ ਕੁਝ ਸ਼ਿਅਰ ਦੀਪ ਜ਼ੀਰਵੀ ਦੇ ਲਿਖੇ ਨਵੇਂ ਗ਼ਜ਼ਲ ਸੰਗ੍ਰਹਿ 'ਚੁੱਪ ਦੀ ਹੂਕ' ਵਿੱਚੋਂ ਹਨ। ਦੀਪ ਜ਼ੀਰਵੀ ਦਾ ਇਹ ਦੂਸਰਾ ਗ਼ਜ਼ਲ ਸੰਗ੍ਰਹਿ ਹੈ। ਉਸਦੇ ਪਹਿਲੇ ਗ਼ਜ਼ਲ ਸੰਗ੍ਰਹਿ 'ਸ਼ਬਦਾਂ ਦੀ ਲੋਅ' ਨਾਲ ਹੀ ਮੈਂ ਉਸ ਨੂੰ ਇਕ ਸਫਲ ਗ਼ਜ਼ਲਕਾਰ ਮੰਨ ਲਿਆ ਸੀ। ਉਸ ਦੇ ਸ਼ਹਿਰ ਜ਼ੀਰੇ ਨਾਲ ਮੇਰੀ ਗੂੜ੍ਹੀ ਸਾਹਿਤਕ ਸਾਂਝ ਪੈ ਗਈ ਹੈ। ਜ਼ੀਰੇ ਵਾਲੇ ਸਾਹਿਤਕ ਅਜੀਜ਼ਾਂ ਨੇ ਮੈਨੂੰ ਜ਼ੀਰੇ ਸੱਦ ਕੇ ਸਨਮਾਨਤ ਕੀਤਾ ਅਤੇ ਸੌ ਤੋਂ

ਵਧੇਰੇ ਸਾਹਿਤਕਾਰਾਂ ਦੇ ਰੂਬਰੂ ਕੀਤਾ। ਉਥੇ ਹੀ ਮੈਨੂੰ ਦੀਪ ਜ਼ੀਰਵੀ ਮਿਲਿਆ ਸੀ। ਹਸਮੁਖ ਜਿਹਾ, ਸ਼ਰਮਾਕਲ ਜਿਹਾ ਤੇ ਨਿਮਰਤਾ ਭਰਿਆ ਨੌਜੁਆਨ। ਮੈਂ ਉਸਦੇ ਮਿਲਣ ਤੋਂ ਪਹਿਲਾਂ ਉਸਦੀ ਗ਼ਜ਼ਲ ਪੁਸਤਕ ਪੜ੍ਹ ਚੁੱਕਾ ਸੀ। ਜ਼ੀਰਵੀ ਪਹਿਲੀ ਪੁਸਤਕ ਪ੍ਰਕਾਸ਼ਤ ਕਰਵਾਉਣ ਤੋਂ ਮਗਰੋਂ ਕਿੰਨੇ ਹੀ ਸਾਲ ਚੁੱਪ ਹੋ ਗਿਆ। ਮੈਨੂੰ ਲੱਗਾ ਕਿ ਕੋਈ ਮਿੱਠਾ ਚਸ਼ਮਾ ਅਚਾਨਕ ਸੁੱਕ ਗਿਆ ਹੈ। ਕੁਲਵੰਤ ਜ਼ੀਰਾ ਦੇ ਗ਼ਜ਼ਲ ਸੰਗ੍ਰਹਿ ਦਾ ਜਦ ਰੀਲੀਜ ਸਮਾਗਮ ਹੋਇਆ ਤਾਂ ਮੇਰੀ ਨਿਗਾਹ ਦੀਪ ਜ਼ੀਰਵੀ ਤੇ ਸੀ। ਸਮਾਗਮ ਉਪਰੰਤ ਮੈਂ ਉਸ ਨੂੰ ਮਿਲਿਆ ਅਤੇ ਚੁੱਪ ਦਾ ਕਾਰਨ ਪੁੱਛਿਆ। ਪਰ ਦੀਪ ਤਾਂ ਜਿਵੇਂ ਆਪਣੀ ਗ਼ਜ਼ਲ ਨੂੰ ਆਪਣੇ ਦਿਲ ਵਿਚ ਲੁਕਾਈ ਫਿਰ ਰਿਹਾ ਸੀ ਤੇ ਗ਼ਜ਼ਲ ਬਾਰੇ ਉਹ ਕੁਝ ਬੋਲਦਾ ਹੀ ਨਹੀਂ ਸੀ। ਮੈਂ ਉਸ ਨੂੰ ਉਤਸ਼ਾਹਿਤ ਕੀਤਾ ਅਤੇ ਹੁਕਮੀ ਲਹਿਜੇ ਵਿਚ ਮੁੜ ਗ਼ਜ਼ਲ ਦੇ ਮੈਦਾਨ ਵਿਚ ਨਿਤਰਣ ਲਈ ਕਿਹਾ। ਤਦ ਉਸ ਨੇ ਇਕ ਦਿਨ ਫੋਨ ਤੇ ਦੱਸਿਆ ਕਿ ਉਸ ਕੋਲ 70-80 ਗ਼ਜ਼ਲਾਂ ਹਨ। ਉਸ ਨੂੰ ਮੈਂ ਖਰੜਾ ਤਿਆਰ ਕਰਨ ਲਈ ਕਿਹਾ। ਇਸ ਮੇਰੀ ਕੋਸ਼ਿਸ਼ ਸਦਕਾ ਦੀਪ ਦੀ ਇਹ ਗ਼ਜ਼ਲ ਪੁਸਤਕ ਪਾਠਕਾਂ ਦੇ ਹੱਥਾਂ ਵਿਚ ਹੈ। ਜੋ ਉਸਦੀ ਲੰਬੀ ਚੁੱਪ ਦੀ ਹੂਕ ਹੈ।

ਪੰਜਾਬੀ ਗ਼ਜ਼ਲ ਵਿਚ ਅੱਜ ਦੋ ਹਜ਼ਾਰ ਗ਼ਜ਼ਲਗੋ ਆਪਣੀ-ਆਪਣੀ ਪ੍ਰਤਿਭਾ ਮੁਜ਼ਬ ਹਾਜ਼ਰ ਨਾਜ਼ਰ ਹਨ। 500 ਕੇ ਕਰੀਬ ਤਾਂ ਐਸੇ ਗ਼ਜ਼ਲਕਾਰ ਹਨ ਜਿਨ੍ਹਾਂ ਦਾ ਨਾਮ ਉਭਰ ਚੁੱਕਾ ਹੈ। ਇਹਨਾਂ ਸਾਰੇ ਗ਼ਜ਼ਲਕਾਰਾਂ ਨੇ ਆਪਣੇ ਦਿਲ ਦਾ ਲਹੂ ਪਾ ਕੇ ਗ਼ਜ਼ਲ ਦੇ ਦਿਲਕਸ਼ ਤੇ ਖੁਸ਼ਬੂਦਾਰ ਫੁੱਲ ਖੇੜੇ ਹਨ। ਇਹਨਾਂ ਦੋ ਹਜ਼ਾਰ ਸ਼ਾਇਰਾਂ ਨੇ ਭਰਪੂਰ ਵੰਨ ਸੁਵੰਨਤਾ ਪੈਦਾ ਕਰਕੇ ਗ਼ਜ਼ਲ ਨੂੰ ਲੋਕਾਂ ਵਿਚ ਹਰਮਨ ਪਿਆਰੀ ਬਣਾਇਆ ਹੈ। ਅੱਜ ਗ਼ਜ਼ਲ ਜੇਕਰ ਪੰਜਾਬੀਆਂ ਦੀ ਚਹੇਤੀ ਹੈ ਤਾਂ ਉਹ ਉਸ ਕਰਕੇ ਹੈ ਕਿਉਂਕਿ ਇਸ ਨੂੰ ਰਚਣਹਾਰੇ ਖ਼ੁਦ ਐਸੇ ਪੰਜਾਬੀ ਹਨ ਜੋ ਲੋਕਾਂ ਦੇ ਅੰਗ-ਸੰਗ ਹਨ। ਉਹ ਲੋਕਾਂ ਦੇ ਹਾਵ ਭਾਵ, ਜਜ਼ਬਾਤ, ਤੰਗੀਆਂ, ਤੁਰਸ਼ੀਆਂ ਅਤੇ ਉਹਨਾਂ ਦੇ ਆਸ-ਪਾਸ ਫੈਲੇ ਧੁੰਦੂਕਾਰਿਆਂ ਨੂੰ ਸ਼ਿਅਰਾਂ ਵਿਚ ਢਾਲ ਰਹੇ ਹਨ।

ਹਰ ਸ਼ਾਇਰ ਵਿਚ ਮੌਲਕਤਾ ਲਾਜ਼ਮੀ ਹੁੰਦੀ ਹੈ। ਦੀਪ ਜ਼ੀਰਵੀ ਵਿੱਚ ਵੀ ਮੌਲਿਕਤਾ ਝਰ-ਝਰ ਪੈਂਦੀ ਹੈ। ਭਾਵੇਂ ਉਸਦੇ ਬਹੁਤੇ ਸ਼ਿਅਰ ਮੁਹੱਬਤ ਨਾਲ ਸਬੰਧਤ ਹਨ। ਪਰ ਮੁਹੱਬਤ ਜ਼ਿੰਦਗੀ ਦਾ ਧੁਰਾ ਹੈ ਅਤੇ ਮੁਹੱਬਤ ਬਿਨਾਂ ਆਦਮੀ ਦਾ ਜੀਵਨ ਇਕ ਮਾਰੂਥਲ ਬਣ ਕੇ ਰਹਿ ਜਾਂਦਾ ਹੈ। ਮੁਹੱਬਤ ਨੂੰ ਜਿਓਂਦੀ ਰੱਖਣ ਵਾਸਤੇ ਹੋਰ ਵੀ ਬਹੁਤ ਸਾਰੇ ਤੱਤ ਹਨ। ਬੜੇ-ਬੜੇ ਔਰੰਗਜ਼ੇਬ ਅਤੇ ਤੈਮੂਰ ਪੈਦਾ ਹੋ ਜਾਂਦੇ ਹਨ ਜੋ ਜ਼ਿੰਦਗੀ ਨੂੰ ਜ਼ਖ਼ਮ ਦੇ ਜਾਂਦੇ ਹਨ। ਇਹਨਾਂ ਜ਼ਖਮਾਂ ਉੱਤੇ ਸ਼ਾਇਰਾਂ ਨੇ ਹੀ ਮਰਹਮ ਲਾਉਣੀ ਹੁੰਦੀ ਹੈ। ਘੋੜਿਆਂ ਦੀਆਂ ਟਾਪਾਂ ਹੇਠ ਲਵੀਆਂ ਫਸਲਾਂ ਮਿੱਧੀਆਂ ਜਾਂਦੀਆਂ ਹਨ ਪਰ ਕਿਰਸਾਨਾਂ ਨੂੰ ਹੁਨਰ ਹੈ ਕਿ ਉਹ ਫਿਰ ਤੋਂ ਖੇਤ ਹਰੇ ਕਰ ਲੈਂਦੇ ਹਨ। ਸ਼ਾਇਰੀ

ਜੀਵਨ ਲਈ ਕਣਕ ਵਰਗੀ ਫਸਲ ਹੈ। ਕਣਕ ਦੇ ਦਾਨਿਆਂ ਹੀ ਤਾਂ ਆਦਮ ਨੂੰ ਧਰਤੀ ਤੇ ਲਿਆਂਦਾ ਸੀ। ਫਿਰ ਇਸ ਸ਼ਾਇਰੀ ਬਿਨਾਂ ਆਦਮੀ ਕਿਵੇਂ ਆਦਮੀ ਰਹਿ ਸਕਦਾ ਹੈ। ਜੀਵਨ ਵਿਚਲੀ ਸੰਵੇਦਨਾ ਸ਼ਾਇਰੀ ਹੀ ਬਹਾਲ ਰੱਖਦੀ ਹੈ। ਸ਼ਾਇਰੀ ਜ਼ਿੰਦਗੀ ਦੇ ਜਜ਼ਬਾਤ ਦੀ ਤਰਮਾਨੀ ਹੈ। ਜਜ਼ਬਾਤ ਬਿਨਾਂ ਤਾਂ ਹਰ ਸ਼ਹਿਰੀ ਇਕ ਬਾਣੀਆਂ ਹੋ ਕੇ ਰਹਿ ਜਾਵੇਗਾ। ਸ਼ਾਇਰੀ ਤਾਂ ਸਾਡੇ ਵਿਹੜਿਆਂ ਦੀ ਫੁੱਲਾਂ ਦੀ ਕਿਆਰੀ ਹੈ। ਫੁੱਲਾਂ ਦੀ ਕਿਆਰੀ, ਬੱਚੇ ਅਤੇ ਤਿੱਤਲੀਆਂ ਸ਼ਾਇਰੀ ਦਾ ਹੀ ਰੂਪ ਹਨ। ਇਹ ਸਰਸਵਤੀ ਦਾ ਵਰਦਾਨ ਹੁੰਦੇ ਹਨ।

ਦੀਪ ਜ਼ੀਰਵੀ ਇਕ ਪੁਰ ਅਹਿਸਾਸ ਨੌਜੁਆਨ ਗ਼ਜ਼ਲਕਾਰ ਹੈ ਉਸ ਦੀ ਸ਼ਾਇਰੀ ਦਾ ਰੰਗ ਜੀਵਨ ਦੇ ਆਦਰਸ਼ਾਂ ਦੀ ਜੁਸਤਜੂ ਹੈ। ਉਹ ਭਾਵੇਂ ਮੁਹੱਬਤ ਦੀ ਗੱਲ ਕਰੇ ਹਰ ਹਾਲਤ ਵਿਚ ਅਸੂਲ ਅਤੇ ਨੈਤਿਕਤਾ ਬਹਾਲ ਰੱਖਣ ਦਾ ਚਾਹਵਾਨ ਹੈ। ਉਸਦੇ ਸ਼ਿਅਰਾਂ ਵਿਚ ਨੁਮਾਇਆ ਰੰਗ ਲੋਆਂ ਤੇ ਰੋਸ਼ਨੀਆਂ ਨੂੰ ਸਲਾਮੀ ਦੇਣ ਵਰਗਾ ਹੈ। ਉਹ ਹਨੇਰਿਆਂ ਨੂੰ ਥਾਂ ਪੁਰ ਥਾਂ ਭੰਡਦਾ ਹੈ ਤੇ ਰੋਸ਼ਨੀਆਂ ਦੀ ਕਦਰ ਪੈਦਾ ਕਰਦਾ ਹੈ। ਉਹ ਆਪਣੇ ਨਾਮ 'ਦੀਪ' ਵਾਂਗ ਜਗਣ ਦਾ ਅਹਿਦ ਪਾਲਦਾ ਹੈ। ਉਸਨੂੰ ਹਨੇਰੇ ਪਸੰਦ ਨਹੀਂ ਕਿਉਂਕਿ ਹਨੇਰੇ ਵਿਚ ਬਦਫਹਿਲੀਆਂ ਦਾ ਸਾਮਰਾਜ ਫੈਲਦਾ ਹੈ ਤੇ ਵੱਡੀ ਗੱਲ ਇਹ ਕਿ ਹਨੇਰੇ ਵਿਚ ਸਾਡੀਆਂ ਅੱਖਾਂ ਪਥਰਾਅ ਜਾਂਦੀਆਂ ਹਨ। ਦੀਪ ਜ਼ੀਰਵੀ ਦੀ ਹਥਲੀ ਗ਼ਜ਼ਲ ਪੁਸਤਕ ਵੰਨ ਸੁਵੰਨਤਾ ਭਰੇ ਸ਼ਿਅਰਾਂ ਦੀ ਖ਼ੂਬਸੂਰਤ ਤਸਵੀਰ ਹੈ। ਉਮੀਦ ਹੈ ਇਹ ਗ਼ਜ਼ਲਾਂ ਪਾਠਕ ਪਸੰਦ ਕਰਨਗੇ। ਦੀਪ ਜ਼ੀਰਵੀ ਦਾ ਰਮਲ ਬਹਿਰ 'ਚ ਲਿਖਿਆ ਇਕ ਸ਼ਿਅਰ ਦੇ ਕੇ 'ਚੁੱਪ ਦੀ ਹੂਕ' ਪਾਠਕਾਂ ਗੋਚਰੀ ਕਰਦਾ ਹਾਂ :

'ਦੀਪ' ਬਣ ਕੇ ਜਗਣ ਦਾ ਅਰਮਾਨ ਪੂਰਾ ਹੋ ਸਕੇ,<br>
ਹੋਰ ਕੁਝ ਨਾ ਦਾਤਿਆ ਮੈਂ ਜ਼ਿੰਦਗੀ 'ਚੋਂ ਟੋਲਦਾ।

**ਸੁੱਲਖਣ ਸਰਹੱਦੀ**
**Mob-94174-84337**

# ਧੰਨਵਾਦ

- ਟੁਕੜਾ ਟੁਕੜਾ ਕਵਿਤਾ ਟੋਲਦੇ 'ਦੀਪ' ਨੂੰ ਗਜ਼ਲ ਦੀ ਰਾਹ ਵਿਖਾਉਣ ਵਾਲੇ ਉਸਤਾਦ ਮੁਹਤਰਮ ਗੁਰਦਿਆਲ ਪੰਜਾਬੀ ਜੀ ਦਾ ਕੋਟਣ ਕੋਟ ਧੰਨਵਾਦ ਕਿ ਉਹਨਾਂ ਮੈਨੂੰ ਗਜ਼ਲ ਦਾ ਊੜਾ, ਐੜਾ ਦੱਸਿਆ ਅੱਜ ਓਹ ਦੇਹੀ ਰੂਪ ਵਿੱਚ ਮੌਜੂਦ ਨਹੀਂ ਪਰੰਤੂ ਉਹਨਾਂ ਵੱਲੋਂ ਪਾਏ ਪੂਰਨੇ ਮੇਰੇ ਰਾਹ ਰੌਸ਼ਨ ਕਰਦੇ ਹਨ।

- ਉਸਤਾਦ ਗ਼ਜ਼ਲਗੋ- ਸੁਲੱਖਣ ਸਰਹੱਦੀ ਹੁਰਾਂ ਦਾ

  ਧੰਨਵਾਦ ਕਿ ਉਹਨਾਂ ਦੀ ਪ੍ਰੇਰਣਾ-ਸੇਧ ਅਤੇ ਸੋਧ ਦੇ ਬਿਨਾਂ ਹੱਥਲਾ ਗ਼ਜ਼ਲ ਸੰਗ੍ਰਹਿ ਹੋਂਦ ਵਿੱਚ ਆਉਣਾ ਮੁਸ਼ਕਿਲ ਜਿਹਾ ਹੀ ਸੀ।

- ਡਾਕਟਰ ਸੁਸ਼ੀਲ ਰਹੇਜਾ ਜੀ ਦੀ ਪੇਟਿੰਗ ਏਸ ਗ਼ਜ਼ਲ ਸੰਗ੍ਰਹਿ ਦੀ ਸਰਵਰਕੀ ਤਸਵੀਰ ਹੈ। ਉਹਨਾਂ ਵੱਲੋਂ ਦਿੱਤੇ ਕੀਮਤੀ ਸੁਝਾਅ ਮੇਰੇ ਲਈ ਭਵਿੱਖ ਵਿੱਚ ਵੀ ਮੱਦਦਗਾਰ ਸਿੱਧ ਹੋਣਗੇ। ਸੁਝਾਵਾਂ ਤੇ ਪੇਟਿੰਗ ਲਈ ਡਾਕਟਰ ਸੁਸ਼ੀਲ ਰਹੇਜਾ ਜੀ ਦਾ ਧੰਨਵਾਦ।

- ਆਪਣੇ ਪਰਿਵਾਰ ਦਾ ਧੰਨਵਾਦ ਕਰਕੇ ਵੀ ਮੈਂ ਰਿਣ ਮੁਕਤ ਨਹੀਂ ਹੋ ਸਕਦਾ

ਦੀਪ ਜ਼ੀਰਵੀ
98155-24600

## ਰੰਗ-ਏ-ਮਾਰਫਤ

ਮੈਂ ਜਿਹੜੇ ਰਾਹ ਤੇ ਵੇਖਾਂ ਤੇਰਾ ਕਮਾਲ ਵੇਖਾਂ।
ਤੇਰੇ ਬਗੈਰ ਜੀਵਨ ਹਰ ਪਲ ਮੁਹਾਲ ਵੇਖਾਂ॥

ਪੁਰਨੂਰ ਤੇਰਾ ਚਿਹਰਾ ਕੀ ਕੈਫੀਅਤ ਦੇ ਕਹਿਣੇਂ!
ਹਰ ਦਿਲ ਅਜ਼ੀਜ਼ ਤੇਰਾ ਜਲਵਾ ਜਲਾਲ ਵੇਖਾਂ॥

ਤੂੰ ਚਾਨਣੀ ਦਾ ਚਾਨਣ ਤੂੰ ਸੇਕ ਸੂਰਜਾਂ ਦਾ।
ਤੇ ਜੁਗਨੂੰਆਂ ਨੂੰ ਤੇਰੇ ਸਦਕੇ ਮਸ਼ਾਲ ਵੇਖਾਂ॥

ਤੂੰ ਪੌਣ ਹੈ ਰੁਮਕਦੀ ਠੰਡੀ ਲਹਿਰ ਤੋਂ ਸ਼ੀਤਲ।
ਮੈਂ ਸਾਗਰਾਂ ਦੇ ਵਿੱਚ ਵੀ ਤੇਰੀ ਉਛਾਲ ਵੇਖਾਂ॥

ਜੀ-ਦਾਰ ਦੇ ਵਿੱਚ ਤੂੰ ਏਂ ਤੂੰ ਹੈਂ ਬੇਜਾਨ ਅੰਦਰ।
ਹਰ ਸ਼ੈਅ ਤੇਰੀ ਇਬਾਦਤ ਦੀ ਮੈਂ ਭਿਆਲ ਵੇਖਾਂ॥

ਛਾਣਾਂ ਮੈਂ ਸ਼ਬਦ ਜੰਗਲ ਦਾ ਪੱਤਾ-ਪੱਤਾ ਫਿਰ ਵੀ।
ਤੇਰੇ ਮੇਚ ਦਾ ਨਾਂ ਲੱਭਦਾ ਲੱਖ ਸ਼ਬਦ ਭਾਲ ਵੇਖਾਂ॥

ਤੇਰੇ 'ਕਰਮ' ਦੀ ਸੁਣ ਕੇ ਆਖਾਂ ਮੈਂ ਆਪਣੀ ਰੂਹ ਨੂੰ
ਤੇਰੇ ਦਰ ਤੇ ਅਰਜ਼ ਵਾਲਾ ਮੈਂ 'ਦੀਪ' ਬਾਲ ਵੇਖਾਂ॥

✵

# ਚੰਬੇ ਦੀ ਬੂਟੀ

ਕਿਸ ਚੰਬੇ ਦੀ ਬੂਟੀ ਨੇ ਮਨ ਦਾ ਵਿਹੜਾ ਮਹਿਕਾਇਆ?
ਪਤਾ ਨਾ ਲੱਗੇ ਮਨ ਵਿਹੜੇ ਆਹ ਕੌਣ ਪ੍ਰਾਹੁਣਾ ਆਇਆ।

ਅੰਗ-ਅੰਗ 'ਚੋਂ ਆਵਣ ਖੁਸ਼ਬੋਈਆਂ ਉਹ ਅਤਰਾਂ ਦਾ ਜਾਇਆ।
ਜਾਂ ਕੋਈ ਫੁੱਲ-ਬਹਿਸ਼ਤੀ ਰੱਬ ਨੇ ਮੇਰੇ ਲੇਖ ਲਿਖਾਇਆ।

ਜਾਂ ਇਹ ਬਾਲ-ਮੁਸਕਣੀ ਵਰਗਾ ਹੈ ਕੋਈ ਦੂਤ-ਫਰਿਸ਼ਤਾ।
ਰੱਬ ਨੇ ਇਹਦਾ ਮੇਰਾ ਰਿਸ਼ਤਾ ਧੁਰ ਤੋਂ ਜਿਵੇਂ ਬਣਾਇਆ।

ਜਾਂ ਇਹ ਕੋਈ ਸੁਪਨਾ ਸੁਹਣਾ ਮੇਰੇ ਲੂੰ-ਲੂੰ ਵੱਸਿਆ।
ਜਿਹਦਾ ਹੋਣਾ ਰੱਤ ਮੇਰੀ ਬਣ ਰਗ਼-ਰਗ਼ ਦੇ ਵਿੱਚ ਸਮਾਇਆ।

ਸੰਦਲ-ਗੇਲੀ ਵਰਗਾ ਕੋਈ ਬਣਿਆ ਹੈ ਹਮਸਾਇਆ।
ਕੋਈ ਤਸੱਵਰ ਮੇਰੀਆਂ ਸਾਰੀਆਂ ਸੋਚਾਂ ਤੇ ਹੈ ਛਾਇਆ।

ਏਸ ਤਸੱਵਰ ਦੀ ਕੀਕਣ ਕੋਈ ਤਸਵੀਰ ਬਣਾਵੇ।
ਨਾ ਆਵੇ ਚਿੱਤਰਕਾਰੀ ਨਾ 'ਦੀਪ' ਨੇ ਗੀਤ ਬਣਾਇਆ।

✵

# ਦਿਲ ਦਾ ਕਿਤੇ

ਦਿਲ ਦਾ ਕਿਤੇ ਲਗਾਉਣਾ ਮੰਦਾ।
ਬੰਦਾ ਰਹਿੰਦਾ ਨਾ ਫਿਰ ਬੰਦਾ॥

ਚੰਗਾ ਹੈ ਤੱਕਣਾ ਫੁੱਲ ਤਾਈਂ।
ਫੁੱਲ ਨੂੰ ਤੋੜ ਗੁਆਉਣਾ ਮੰਦਾ॥

ਬੰਦਗੀ ਰਹਿੰਦੀ ਏ ਤਦ ਤੋੜੀਂ।
ਜਦ ਤਕ ਇਹ ਬਣ ਜਾਏ ਨਾ ਧੰਦਾ॥

ਹੱਡ ਪਾ ਅੱਗ ਮਘਾਉਣੀ ਪੈਂਦੀ।
ਦਿਲ ਦਾ ਚੁੱਲ੍ਹਾ ਤਾਉਣਾ ਮੰਦਾ॥

ਆਪਣਾ ਆਪ ਤੂੰ ਬਣਾ ਨਸੀਬਾ।
ਦਰ-ਦਰ ਅਲਖ ਜਗਾਉਣਾ ਮੰਦਾ॥

ਦਵੈਤ ਦੂਈ ਤੇ ਨਫਰਤ ਵਾਲੀ।
ਮੁੱਢੋਂ ਅਲਖ ਮੁਕਾਉਣਾ ਚੰਗਾ॥

ਜਿਹਨੂੰ ਸੁਣ ਕੇ ਰੱਤ ਨਾ ਪਿਘਲੇ।
ਐਸੇ ਗੀਤ ਦਾ ਗਾਉਣਾ ਮੰਦਾ॥

ਜਿਹੜੇ ਦੀਪ 'ਚ ਹੋਏ ਨਾ ਬੱਤੀ।
ਐਸਾ 'ਦੀਪ' ਜਗਾਉਣਾ ਮੰਦਾ॥

*

## ਰੂਹ ਭੁੱਖੀ ਹੈ ਮੇਰੀ

ਹਰ ਵਕਤ ਮਰ ਜਾਣ ਦੀ ਦਿਲ ਸੋਚਦੈ।
ਹਰ ਵਕਤ ਘਰ ਜਾਣ ਦੀ ਦਿਲ ਸੋਚਦੈ॥

ਹੈ ਸੁਹਾਗਣ ਜੋ ਬੇ-ਆਸੀ ਸੇਜ ਦੀ।
ਵਿਧਵਾ ਉਹ ਕਰ ਜਾਣ ਦੀ ਦਿਲ ਸੋਚਦੈ॥

ਮਘ ਰਹੇ ਤਾਰੇ ਸੁਲਘਦੀ ਰਾਤ ਹੈ।
ਫੇਰ ਵੀ ਠਰ ਜਾਣ ਦੀ ਦਿਲ ਸੋਚਦੈ॥

ਬੋਲਿਆ ਏਨਾ ਏ ਸੱਚ ਏਸੇ ਲਈ।
ਹੜ੍ਹ, ਭੰਵਰ ਤਰ ਜਾਣ ਦੀ ਦਿਲ ਸੋਚਦੈ॥

ਲੈ ਸਲੀਬਾਂ ਫਿਰ ਰਿਹਾਂ ਮਕਤਲ ਦੇ ਵਿੱਚ।
ਨਾਮ ਕੁਝ ਕਰ ਜਾਣ ਦੀ ਦਿਲ ਸੋਚਦੈ॥

ਰੂਹ ਭੁੱਖੀ ਹੈ ਮੇਰੀ ਮੁੱਦਤ ਹੋਈ।
ਜ਼ਹਿਰ ਵੀ ਚਰ ਜਾਣ ਦੀ ਦਿਲ ਸੋਚਦੈ॥

## ਸਭ ਕੁਝ ਠੀਕ ਹੈ

ਹੋ ਗਈ ਹੈ ਨੀਤ ਹੀ ਬਦਨੀਤ ਸਭ ਕੁਝ ਠੀਕ ਹੈ।
ਫੁੱਲਾਂ ਦੇ ਹੈ ਬੁੱਲਾਂ ਤੇ ਹੀ ਚੀਕ ਸਭ ਕੁਝ ਠੀਕ ਹੈ!!

ਪੱਖ ਸੱਤਾ ਧਿਰ ਵਿਰੋਧੀ ਦਾ ਸਿਰਫ ਢਕਵੰਜ ਹੈ।
ਆਮ ਲੋਕਾਂ ਦਾ ਲਹੂ ਦੋਹਵੇਂ ਹੀ ਲੈਂਦੇ ਡੀਕ, ਸਭ ਕੁਝ ਠੀਕ ਹੈ!!

ਵੈਰ-ਦੰਗੇ, ਸਾੜਾ-ਫੂਕੀ ਕਤਲ ਓ ਗਾਰਤ ਹੈ ਵਧੀ।
ਮੇਰੀ ਨਗਰੀ ਦੇ ਮੁਹਾਫਿਜ਼ ਦੀ ਕੇਹੀ ਪ੍ਰੀਤ, ਸਭ ਕੁਝ ਠੀਕ ਹੈ!!

ਚਿੜ੍ਹ ਕੇ ਵੱਟਿਆਂ ਤੋਂ ਡਰਾਵਣ, ਹਰਿਆਂ-ਘੱਟਿਆਂ ਤੋਂ ਡਰਾਵਣ।
ਪੋਪ, ਪੰਡਤ, ਭਾਈ, ਮੁੱਲਾ, ਕੀ ਏਹੀ ਪ੍ਰਤੀਤ? ਸਭ ਕੁਝ ਠੀਕ ਹੈ!!

ਹਾਏ ਵਿਹਲੇ ਇਹ ਪੁਕਾਰਣ ਕਿਰਤ ਨੂੰ ਤਰਸਣ ਵਿਚਾਰਣ।
ਇਕਨਾ ਕੋਲੇ ਅੰਨ੍ਹੀ ਮਾਇਆ, ਇਕਨਾ ਕੋਲ ਨਾ ਭੀਖ, ਸਭ ਕੁਝ ਠੀਕ ਹੈ!!

ਧਨ ਦੀ ਕਾਣੀ ਵੰਡ ਵਿਚਾਰਣ, ਗਿਆਨ ਨੂੰ ਮਨ ਤੋਂ ਵਿਸਾਰਣ।
ਗਿਆਨ ਦੀ ਅਣ ਮੇਲ ਵੰਡੀ, ਕਾਲਖਾਂ ਦੀ ਰੀਤ, ਸਭ ਕੁਝ ਠੀਕ ਹੈ!!

ਹੈ ਹਨੇਰਾ ਤੇ ਹਨੇਰੀ, ਇਹ ਹੈ ਤੇਰੀ ਔਹ ਹੈ ਮੇਰੀ।
ਚਾਨਣੇ ਦੀ ਲੋੜ ਐਪਰ ਅਹੁਰਿਐ ਹਰ 'ਦੀਪ' ਸਭ ਕੁਝ ਠੀਕ ਹੈ!!

*

# ਫੁੱਲ ਸ਼ਬਦ

ਚੁਣ ਕੇ 'ਪੱਤਰ-ਫੁਲ' ਸ਼ਬਦ ਮੈਂ ਜਦ-ਜਦ ਹਾਰ ਬਣਾਵਾਂ।
ਦਿਲ ਦਾ ਕੋਈ ਨਾ ਮੈਨੂੰ ਜਾਪੇ, ਸੋਚੀਂ ਮੈਂ ਪੈ ਜਾਵਾਂ।।

ਸ਼ਿਵ ਦੀ ਜੂਨ ਪਿਆਂ ਸ਼ਿਵ ਵਾਂਗਰ ਇਸ਼ਕ-ਬੁਖਾਰ 'ਚ ਹੂੰਗਾ।
ਮੈਂ ਤਾਂ ਆਪਣਾ ਆਪ ਮੁਕਾ ਕੇ ਸ਼ਿਵ ਰੂਪੀ ਬਣ ਜਾਵਾਂ।।

'ਸ਼ਿਵ' ਸ਼ਿਵ ਸ਼ਿਵ ਸ਼ਿਵ ਸ਼ਿਵ ਇੱਕ ਰਟਣ ਮੇਰੀ ਰਸਨਾ ਤੇ।
ਸ਼ਿਵ ਸ਼ਿਵ ਸ਼ਿਵ ਸ਼ਿਵ ਸ਼ਿਵ ਦੇ ਬਾਝੋਂ ਮੈਂ ਹੋਰ ਕਿਵੇਂ ਕੁਝ ਗਾਵਾਂ।

ਸ਼ਿਵ ਸੂਰਜ ਹੈ ਬਿਰਹੋਂ ਵਾਲੜਾ, ਸ਼ਿਵ ਪੰਜਾਬ ਦਾ ਹੀਰਾ।
ਸ਼ਿਵ ਦੇ ਦਰਦ ਨੂੰ ਹੌਕੇ ਸਰਦ ਨੂੰ ਪਰ ਮੈਂ ਯਾਰ ਝੁਟਾਵਾਂ।।

ਇਸ਼ਕ ਨਾ ਹੋਵੇ ਜ਼ੋਰੀਂ ਜਬਰੀ ਸ਼ਿਵ ਮੈਨੂੰ ਸਮਝਾਇਆ।
ਪੋਥੜੇ ਪੱਤਰ ਪਰੇਮ ਦੀ ਕਵਿਤਾ ਪੜ੍ਹਦਾ-ਪੜ੍ਹਦਾ ਜਾਵਾਂ।।

ਹੋਵੇ ਸ਼ਿਵ ਤਾਂ ਮੱਥੇ ਲੱਗਕੇ ਪੁੱਛਾਂ ਪੀੜ ਦੇ ਵਾਲੀ।
ਤੇਰਾ ਸ਼ਿਕਰਾ ਯਾਰ ਸੀ ਐਪਰ ਮੈਂ ਤਾਂ ਫਿਰਾਂ ਨਿਥਾਵਾਂ।।

ਸ਼ਿਵ ਦੇ ਮਰਜ ਨੂੰ ਸ਼ਿਵ ਦੀ ਰਮਜ਼ ਨੂੰ ਸ਼ਿਵ ਦੀ ਮੀਨਾ ਜਾਣੇ।
ਮੈਂ ਤਾਂ ਆਪ ਹਾਂ 'ਦੀਪ' ਨਿਮਾਣਾ ਟੋਲਾਂ ਸ਼ਿਵ ਸਰਨਾਂਵਾਂ।।

✵

# ਲਾਇਆ ਦਿਲ

ਪਥੱਰ ਦਿਲ ਸੰਗ, ਲਾਇਆ ਦਿਲ।
ਐਵੇਂ ਅਸੀਂ ਗੁਆਇਆ ਦਿਲ।

ਦਿਲਬਰ ਨੇ ਤਾਂ ਦਿਲ ਦੇ ਵੱਟੇ।
ਹਾਏ! ਨਹੀਂ ਵਟਾਇਆ ਦਿਲ॥

ਜੱਗ ਦੇ ਵੱਟੇ-ਠੇਡੇ ਖਾਕੇ।
ਸਾਡਾ ਨਾ ਕੁਮਲਾਇਆ ਦਿਲ॥

ਦਿਲ ਦੌਲਤ ਤੇ ਦੁਨੀਆਂ ਵਿੱਚੋਂ।
ਕਿਸੇ-ਕਿਸੇ ਅਪਣਾਇਆ ਦਿਲ॥

ਦਿਲ ਦਿਲ, ਦਿਲ ਦਿਲ, ਦਿਲ ਦਿਲ।
ਦਿਲ ਦੀ ਸਾਣ ਲਗਾਇਆ ਦਿਲ॥

ਹੀਰੇ, ਮੋਤੀ, ਸੋਨੇ, ਚਾਂਦੀ।
ਬਦਲੇ ਨਾ ਬਦਲਾਇਆ ਦਿਲ॥

ਰਾਤ ਗਮਾਂ ਦੀ ਕਾਲੀ-ਬੋਲ਼ੀ।
ਵਾਂਗਰ 'ਦੀਪ' ਜਗਾਇਆ ਦਿਲ॥

✯

## ਨਵਾਂ ਸਵੇਰਾ

ਸੂਰਜ ਫਿਰ ਚੜ੍ਹ ਜਾਵੇਗਾ।
ਨਵਾਂ ਸਵੇਰਾ ਆਵੇਗਾ॥

ਰਾਤ ਹਨੇਰੀ ਦਾ ਹਰ ਖੂੰਜਾ।
ਛੇਤੀ ਹੀ ਰੁਸ਼ਨਾਵੇਗਾ॥

ਸੁਫਨੇ ਸਾਰੇ ਸੱਚ ਹੋਵਣਗੇ।
ਕੋਈ ਨਾ ਘਬਰਾਵੇਗਾ॥

ਅਣ ਆਈ ਨਾ ਕੋਈ ਮਰੇਗਾ।
ਨਾ ਕੋਈ ਚਿਤ ਨੂੰ ਤਾਵੇਗਾ॥

ਸਾਲੂ ਸਿਰ ਨੂੰ ਹੀ ਕੱਜਣਗੇ।
ਹਰ ਚਾਅ ਹੀ ਵਰ ਆਵੇਗਾ॥

ਹਾਲੀ, ਪਾਲੀ, ਕੁੜੀਆਂ, ਚਿੜੀਆਂ।
ਸਭ ਤੇ ਜੋਬਨ ਆਵੇਗਾ॥

ਵੇਖ ਲਵੀਂ ਇਸ ਮਿੱਟੀ 'ਚੋਂ।
ਸ਼ਿਲਪੀ 'ਦੀਪ' ਜਗਾਵੇਗਾ॥

✵

## ਮੇਰੀ ਭਟਕਣ

ਰੱਬ ਕਰੇ ਨਾ ਮਿਟੇ ਕਦੇ ਮੇਰੀ ਭਟਕਣ।
ਮੇਰੇ ਰਸਤੇ ਵਿਚ ਕਦੇ ਨਾ ਆਵੇ ਅਟਕਣ॥

ਪੀੜਾਂ ਦਾ ਮੈਂ ਸ਼ੌਂਕੀ ਮੁੱਦਤਾਂ ਹੋਈਆਂ ਤੋਂ।
ਮੇਰੇ ਦਿਲ ਦੀ ਪੀੜ ਬਣੀ ਮੇਰੀ ਦੁਲਹਨ॥

ਯਾਦ-ਸਲੋਨੀ, ਸ਼ਾਮ ਢਲੇ ਜਦ ਆ ਜਾਵੇ।
ਆਵੇ ਯਾਦ ਤਾਂ ਮਹਿਕੇ ਮੇਰਾ ਮਨ ਅੰਗਣ॥

ਮੈਂ ਬੇ-ਮੇਚ ਹਾਂ ਸਾਰੇ ਹੱਸਣ ਮੇਰੇ 'ਤੇ।
ਤਾਂ ਵੀ ਦਿਲ ਦੀ ਪੀੜ ਹੈ ਜੀਵਨ ਦਾ ਕਾਰਣ॥

ਮੇਰੀ ਤਲੀਏ ਪਿਆਰ ਦੀ ਕੋਈ ਲੀਕ ਨਹੀਂ।
ਜੋਤਸ਼ੀ ਜਾਪਦੇ ਸਾਰੇ ਮੈਨੂੰ ਸੱਚ ਆਖਣ॥

ਮੈਂ ਤਿਰਹਾਇਆਂ, ਇਹ ਦੱਸਾਂ ਕਿ ਨਾ ਦੱਸਾਂ?
ਉਮਰ ਗਈ ਮੇਰੀ ਨਾ ਸੁਲਝੀ ਇਹ ਉਲਝਣ॥

ਪੀੜ ਦੇ ਕੋਹਲੂਓਂ ਜਾ ਕੇ ਤੇਲ ਲਿਆਇਆ ਹਾਂ।
ਤਾਂਹੀਓਂ ਬਲਦਾ 'ਦੀਪ' ਹੈ, ਹੋਇਆ ਹੈ ਚਾਨਣ॥

✵

# ਆਪਣੀ ਲੋਥ

ਆਪਣੇ ਮੋਢੀਂ ਲੋਥ ਆਪਣੀ ਢੋਂਦਾ ਹਾਂ।
ਹੱਸਦੇ ਨੇ ਬੁੱਲ੍ਹ, ਅੰਦਰੋ-ਅੰਦਰੀਂ ਰੋਂਦਾ ਹਾਂ॥

ਲੋਕੀਂ ਕਿਧਰੇ ਕਹਿ ਦੇਣ ਨਾ ਡਰ ਗਿਆ ਏ।
ਏਸੇ ਕਾਰਨ ਸਦਾ ਦੀ ਨੀਂਦ ਨਾ ਸੌਂਦਾ ਹਾਂ॥

ਮਰ ਜਾਵਣ ਤੋਂ ਔਖਾ ਜਿਉਂਣਾ ਹੈ ਭਾਈ।
ਹੇਕ ਲਗਾ ਕੇ ਸਭਨਾਂ ਤਾਈਂ ਸੁਣਾਉਂਦਾ ਹਾਂ॥

ਆਪਣੇ ਭਾਰ ਨੂੰ ਚਹੁੰਆਂ ਉੱਤੇ ਕਿਓਂ ਪਾਵਾਂ।
ਜਗ ਤੋਂ ਚੋਰੀ ਆਪਣੇ ਆਪ ਨੂੰ ਰੋਂਦਾ ਹਾਂ॥

ਕਿਸੇ ਦੇ ਸੀਤੇ ਖਵਰੇ ਜਚਦੇ ਨੇ ਕਿ ਨਹੀਂ।
ਆਪਣੇ ਨਾਪ ਦੇ ਖੱਫਣ ਆਪ ਸਿਓਂਦਾ ਹ॥

ਆਵੇ ਗੀ ਇੱਕ ਦਿਨ ਤਾਂ 'ਦੀਪ' ਨੂੰ ਲੈਣ ਲਈ।
ਮੌਤ ਉਡੀਕਦਾਂ ਜਾਮੇ ਨਹੀਂ ਮਿਆਉਂਦਾ ਹਾਂ॥

✵

# ਜੂਨ

ਜੋ ਉਂਗਲ ਦੇਸ਼ ਤੇ ਉੱਠੇ, ਅਸਾਡੀ ਜੂਨ ਮਾੜੀ ਹੈ।
ਅਸੀਂ ਸਭ ਆਪ ਦੋਸ਼ੀ ਹਾਂ, 'ਬਿਗਾਨੇ ਹੱਥ ਦਾੜ੍ਹੀ' ਏ॥

ਨਹੀਂ ਰਲ-ਬਹਿਣ ਦੀ, ਚਰਚਾ ਕਰਨ ਦੀ ਜਾਚ ਨ ਆਈ।
ਅਸਾਡੀ ਨੀਤ ਹੀ ਖੋਟੀ ਤੇ ਸਾਡੀ ਸੋਚ ਮਾੜੀ ਏ॥

ਅਸੀਂ ਇਹ ਸੋਚਦੇ ਹਾਂ ਕਿਸ ਤਰ੍ਹਾਂ ਖੁਦਗਰਜ਼ੀਆਂ ਪਲ ਜਾਣ।
ਅਸੀਂ ਇਹ ਲੋਚਦੇ ਹਾਂ ਬਣੀਏ ਕਿੰਜ ਦਸਤੇ ਕੁਹਾੜੀ ਦੇ॥

ਹਜ਼ਾਰਾਂ ਦੀ ਹੀ ਸੀ ਗਿਣਤੀ ਫਿਰੰਗੀ ਦੀ ਕਰੋੜਾਂ ਚੋਂ।
ਕਰੋੜਾਂ ਤੇ ਹਕੂਮਤ ਕਰ ਗਏ, ਦੌਲਤ ਬੁਹਾਰੀ ਗਏ॥

ਕਈ ਸੌ ਸਾਲ ਖਾਧੀ ਮਾਰ, ਜੂਲੇ ਢੋ ਗੁਲਾਮੀ ਦੇ।
ਅਸੀਂ ਕੱਲ੍ਹ ਵੀ ਅਨਾੜੀ ਸਾਂ ਅਸੀਂ ਅੱਜ ਵੀ ਅਨਾੜੀ ਰਹੇ॥

ਅਗਰ ਪਰਦੂਸ਼ਣਾਂ ਨੇ ਘੋਲ ਦਿੱਤੀ ਹੈ ਪਲੀਤੀ ਹੁਣ।
ਅਸਰ ਪਰਦੂਸ਼ਣਾਂ ਨੇ ਪਹਿਲੋਂ ਕੀਤਾ ਹੋਸ਼ ਸਾਡੀ ਤੇ॥

✵

# ਆ ਨੀ ਹੀਰੇ

ਆ ਨੀ ਹੀਰੇ ! ਰਾਂਝਣੇ ਦਾ ਤੇਰੇ ਨਾਂ ਲਿਖ ਵਰ ਦਿਆਂ।
ਤੂੰ ਅਧੂਰੀ ਡੋਲਦੀ ਹੈਂ ਤੈਨੂੰ ਪੂਰਾ ਕਰ ਦਿਆਂ॥

ਸੀ ਮੇਰੇ ਕੋਲੇ ਅੰਗੀਠੀ ਘਰ 'ਚ ਆਤਿਸ਼ਦਾਨ ਸੀ।
ਫੇਰ ਵੀ ਭਰ-ਭਰ ਕੇ ਠੰਢੇ ਹੌਕੇ, ਮੈਂ ਤਾਂ ਠਰ ਗਿਆਂ॥

ਮੇਰਾ ਕੀ ਏ ਮੇਰੀ ਤਾਂ ਹਰ ਇੱਕ ਖੁਸ਼ੀ ਬਸ ਤੂੰ ਹੀ ਹੈਂ।
ਰੂਹ ਨੂੰ ਤੇਰੇ ਕੋਲੇ ਛੱਡ ਲੈ ਕੇ ਇਹ ਬੁੱਤ ਘਰ ਗਿਆਂ॥

ਸੱਖਣੇ ਦਿਲ ਵਾਲਾ ਭਾਂਡਾ ਭਰ ਸਕੋ ਤਾਂ ਭਰ ਦਿਓ।
ਜੇ ਕਰੋ ਮਨਜ਼ੂਰ ਅਰਜ਼ੀ ਤਾਂ ਕਾਸਾ ਅੱਗੇ ਕਰ ਦਿਆਂ॥

ਕੁਝ ਹਵਾਵਾਂ ਤੇਜ਼ ਨੇ ਤੇ ਕੁਝ ਵਕਤ ਹੈ ਬੇਵਫ਼ਾ।
ਏਹੀ ਹੌਕੇ ਲੈ ਕੇ ਯਾਰਾ ਬਿਨ ਆਈ ਮੈਂ ਮਰ ਗਿਆਂ॥

✵

# ਮੇਰਾ ਹੋਣ ਤੋਂ ਪਹਿਲਾਂ

ਯਾਰਾ! ਮੇਰਾ ਹੋਣ ਤੋਂ ਪਹਿਲੋਂ।
ਸੋਚ ਲਵੀਂ ਤੂੰ ਰੋਣ ਤੋਂ ਪਹਿਲੋਂ॥

ਹੌਕੇ ਹਾਅਵੇ ਗਮ ਮਿਲਣੇ ਨੇ।
ਹੱਸ ਲਵੀਂ ਦਿਲ ਲਾਉਣ ਤੋਂ ਪਹਿਲੋਂ॥

ਤੂੰ ਧੀਰਜ ਨਾਲ ਸੋਚ ਵਿਚਾਰੀਂ।
ਅੱਥਰੂ ਝੋਲੀ ਪਾਉਣ ਤੋਂ ਪਹਿਲੋਂ॥

ਸੋਚ ਲਵੀਂ ਤੂੰ ਦਿਲ ਲਾ ਕੇ ਫਿਰ।
ਲੇਖ ਨਿਮਾਣੇ ਧੋਣ ਤੋਂ ਪਹਿਲੋਂ॥

ਪਲ ਲਾਉਂਦੇ ਨੇ ਲੋਕ ਬੇ ਕਿਰਕੇ।
ਨਾ ਸੋਚਣ 'ਦੀਪ' ਬੁਝੌਣ ਤੋਂ ਪਹਿਲੋਂ॥

# ਉਦਾਸੀ ਛਾ ਗਈ ਹੈ

ਉਦਾਸੀ ਛਾ ਗਈ ਹੈ ਖੈਰ ਹੋਵੇ।
ਨੈਣ ਬਰਸਾ ਰਹੀ ਹੈ ਖੈਰ ਹੋਵੇ॥

ਪਰੀ ਆਈ ਸੀ ਵੰਡ ਗਈ ਹੈ ਤੋਹਫੇ।
ਦਿਲ ਨੂੰ ਪਰਚਾ ਰਹੀ ਹੈ ਖੈਰ ਹੋਵੇ॥

ਕਿਸੇ ਨਾ ਝੋਲ ਭੋਰਾ ਖੈਰ ਪਾਈ।
ਕਸਕ ਫਿਰ ਆ ਗਈ ਹੈ ਖੈਰ ਹੋਵੇ॥

ਰੰਝੇਟੇ ਨੂੰ ਮਿਲੇ ਨਾ ਕਿਉਂ ਤੂੰ ਹੀਰੇ।
ਸਮਝ ਭਰਮਾ ਗਈ ਹੈ ਖੈਰ ਹੋਵੇ॥

ਫਿਰ ਤੋਂ ਮਿਰਗ ਤ੍ਰਿਸ਼ਨਾ ਛਾਈ।
ਭੁਲੇਖਾ ਖਾ ਗਈ ਏ ਖੈਰ ਹੋਵੇ॥

ਹਨੇਰਾ ਹੈ, ਲੋੜੀਂਦਾ ਚਾਨਣਾ ਹੈ।
ਖਲਕ ਘਬਰਾ ਗਈ ਹੈ ਖੈਰ ਹੋਵੇ॥

ਕਿਸੇ ਦਾ 'ਦੀਪ' ਵਾਂਗਰ ਦਿਲ ਹੈ ਬਲਿਆ।
ਰੋਸ਼ਨੀ ਆ ਰਹੀ ਏ ਖੈਰ ਹੋਵੇ॥

# ਜਾਂ ਕਰੋ ਇਨਕਾਰ

ਜਾਂ ਕਰੋ ਇਨਕਾਰ ਮੈਨੂੰ ਜਾਂ ਕਰੋ ਇਕਰਾਰ ਹੁਣ।
ਲਾਰਿਆਂ ਦੇ ਸਾਗਰਾਂ ਵਿੱਚ ਸੁਹਣਿਆਂ ਨਾ ਮਾਰ ਹੁਣ॥

ਕੀ ਸੁਹੱਪਣ ਦਾ ਨਸ਼ਾ ਇਹ ਜਾਂ ਕਿ ਦੌਲਤ ਦਾ ਫਤੂਰ।
ਏਸ ਖੰਦਕ ਓਸ ਖਾਈ ਨੂੰ ਕਰੋ ਜੀ ਪਾਰ ਹੁਣ॥

ਬੇਲਿਆਂ 'ਚੋਂ ਰਾਂਝਣੇ ਦੀ ਵੰਝਲੀ ਦੀ ਹੂਕ ਸੀ।
ਵੇਲਿਆਂ ਦੇ ਪੰਖੂਆਂ ਦੀ ਉੱਡ ਗਈ ਏ ਡਾਰ ਹੁਣ॥

ਅਮਰਤਾ ਨਾ ਹੈ ਸਦੀਵੀ ਹੁਸਨ ਦਾ ਫਿਰ ਕੀ ਗੁਮਾਨ।
ਇਸ਼ਕ ਦੀ ਉਮਰਾਂ ਯੁੱਗਾਂ ਹੈ ਹੌਸਲਾ ਨਾ ਹਾਰ ਹੁਣ॥

ਏਸ ਬੰਨੇ ਖੋਲ੍ਹ ਰੱਸਾ ਬੇੜੀਆਂ ਦਾ ਤੁਰ ਗਿਓਂ।
ਨਾਲ ਨਾ ਆਇਓਂ ਵੇ ਦੱਸ ਤਾਂ ਹੋਵਣਾ ਕਿੰਝ ਪਾਰ ਹੁਣ।

ਪਾਣੀਆਂ ਦੇ ਵਾਂਗ ਕੀਤੀ ਨਾਲ ਮੇਰੇ ਹਾਣੀਆਂ।
ਰਲ ਗਏ ਜਦ ਰੰਗ ਬਦਲੇ ਫੇਰ ਮੇਰੇ ਯਾਰ ਹੁਣ॥

ਰਾਤ ਡੂੰਘੀ ਬਾਤ ਡੂੰਘੀ ਦੀਪ ਵੇ! ਪਰ ਰਹਿਣ ਦੇ।
ਆਖਦੇ ਨੇ ਨਾਲ ਨਖਰੇ ਦੇ ਉਸ ਮੇਰੀ ਵਾਰ ਹੁਣ॥

✵

## ਮੈਂ ਤਾਂ ਖਵਰੇ ਜਨਮਿਆਂ

ਮੈਂ ਤਾਂ ਖਵਰੇ ਜਨਮਿਆਂ ਤੜਫਣ ਲਈ।
ਦਿਲ ਤਾਂ ਮੇਰਾ ਤਰਸਦਾ ਧੜਕਣ ਲਈ॥

ਵੰਝਲੀ ਦੀ ਕੂਕ ਨੂੰ ਮਹਿਸੂਸਦਾ।
ਵੰਝਲੀ ਦੀ ਕੂਕ ਮੈਂ ਵਣ-ਵਣ ਲਈ॥

ਵਣ ਕਹੇ ਸਾਖੀ ਉਜਾੜੇ ਦੀ ਸੁਣੋ।
ਕਾਫ਼ੀ ਸੀ ਕੁਦਰਤ ਕਵ੍ਹੇ ਕੁਦਰਤ ਲਈ॥

ਧਰ ਖੜਾਊਂ ਤਖਤ ਤੇ ਚੌਦਾਂ ਵਰ੍ਹੇ।
ਕੌਣ ਕਰਦੈ ਸਬਰ ਅੱਜ ਸ਼ਾਸਨ ਲਈ॥

ਭੈਣ ਦੀ ਅਸਮਤ ਦਾ ਓਹ ਰਖਵਾਲ ਸੀ।
ਭੈਣ ਹਰ ਲੋਚੇ ਨਾ ਕਿਓਂ ਰਾਵਣ ਲਈ॥

ਰਾਮ ਦਾ ਬਨਵਾਸ ਸੀਤਾ ਨਾਲ ਸੀ।
ਸੀਤਾ ਪਰ 'ਕੱਲੀ ਗਈ ਸੀ ਬਣ ਲਈ॥

ਤਮਸ ਨੂੰ ਨਿੰਦਣਾ ਤਾਂ ਕੋਈ ਕਾਜ ਨਾ।
ਬਾਲ ਕੇ ਧਰ 'ਦੀਪ' ਦੇਵੋ ਤਮ ਲਈ॥

✵

# ਅੱਜ ਕਲ੍ਹ

ਅੱਜ-ਕਲ੍ਹ ਏਦਾਂ ਵੀ ਮਿਲਦੇ ਨੇ ਵੀਰਾਂ ਦੇ ਸਰਨਾਵੇਂ।
ਉੱਡਦੇ ਪੰਖੂਆਂ ਨੂੰ ਜਿੱਦਾਂ ਉੱਡਦੇ ਤੀਰਾਂ ਦੇ ਸਰਨਾਵੇਂ॥

ਵਿਹੜਿਆਂ ਅੰਦਰ ਕੰਧਾਂ ਜੰਮੀਆਂ ਕੰਧਾਂ ਤੇ ਸਰਕੰਡੇ।
ਬੀਤੇ ਯੁਗ ਦੀਆਂ ਬਾਤਾਂ ਹੋਈਆਂ ਸੀਰਾਂ ਦੇ ਸਰਨਾਵੇਂ॥

ਸੱਜਣੋਂ! ਸੱਜਣ ਬਣਦੇ ਨਹੀਓਂ ਆਪਾਂ ਆਪਣੇ ਆਪੇ।
ਮੱਥਿਆਂ ਉੱਤੇ ਛਾਪੀ ਫਿਰਦੇ ਮੀਰਾਂ ਦੇ ਸਰਨਾਵੇਂ॥

ਨਾ ਫੋਲੋ ਨਾ ਫੋਲੋ ਅੱਜ-ਕਲ੍ਹ ਬੰਦਿਆਂ ਨੂੰ ਬਈ ਕੋਈ।
ਨਿੱਕੀਆਂ ਮੋਟੀਆਂ ਖਿੱਦੋਆਂ ਅੰਦਰ ਲੀਰਾਂ ਦੇ ਸਰਨਾਵੇਂ॥

ਜਿਹੜਾ ਟੱਬਰ ਆਪਣਾ ਪਾਲੇ ਬੁਰਾ ਨਾ ਕਿਸੇ ਦਾ ਚਿਤਵੇ।
ਉਸ ਤੋਂ ਚੰਗੇ, ਕੀ ਹੋ ਸਕਦੇ ਪੀਰਾਂ ਦੇ ਸਰਨਾਵੇਂ??

✵

# ਮੇਰੇ ਨਗਰ ਦੇ ਲੋਕ

ਮੇਰੇ ਨਗਰ ਦੇ ਲੋਕ ਸੁਜਾਨ।
ਪੱਕੀ ਦੇਖਣ ਕੱਚੀ ਢਾਣ॥

ਅੰਨ੍ਹਿਆਂ ਸਾਹਵੇਂ ਕੱਥਕ ਕਰ ਕੇ।
ਬੋਲ਼ਿਆਂ ਨੂੰ ਮਲਹਾਰ ਸੁਨਾਣ।

ਗੂੰਗਿਆਂ ਤੋਂ ਗੁੜ-ਸਵਾਦ ਪੁਛੇਂਦੇ।
ਲੂਲ਼ਿਆਂ ਕੋਲੋਂ ਭੰਗੜਾ ਚਾਹਣ॥

ਸਾਵੇ ਸਾਵੇ ਤੋਤੇ ਰਾਅ।
ਰਟੇ ਰਟਾਏ ਵਾਕ ਸੁਨਾਣ॥

ਇਕ ਦੂਜੇ ਦੇ ਪੋਤੜੇ ਫੋਲਣ।
ਜਦ-ਜਦ ਚੋਣਾਂ ਬਿਗਲ ਵਜਾਣ॥

ਆਪਣਿਆਂ ਦੀ ਦਾਹੜੀ ਪੁਟਣ।
ਗੈਰਾਂ ਤਾਈਂ ਚੌਰ ਝੁਲਾਣ॥

ਨਿੰਦਦੇ ਰਹਿਣ ਹਨੇਰੇ ਤਾਈਂ।
ਏਨਾ ਨਹੀਂ ਬਈ 'ਦੀਪ' ਜਗਾਣ॥

✵

# ਖ਼ਾਬ ਏਹੀ

ਖ਼ਾਬ ਏਹੀ ਸਦਾ ਹੀ ਮਚਲਦਾ ਰਹੇ।
ਯਾਰ ਮੇਰਾ ਮੇਰੇ ਨਾਲ ਚਲਦਾ ਰਹੇ॥

ਦੂਰ ਤੱਕ, ਦੇਰ ਤੱਕ ਰਾਹ ਉਸਦੀ ਤੱਕਾਂ।
ਸੋਚ ਮੇਰੀ 'ਚ ਪਲ-ਪਲ ਜੋ ਪਲਦਾ ਰਹੇ॥

ਨਾਲ ਜਿਸਦੇ ਹਮੇਸ਼ਾ ਵਫਾ ਪਾਲਾਂ ਮੈਂ।
ਓਹੋ ਛਲੀਆ ਹਮੇਸ਼ਾ ਹੀ ਛਲਦਾ ਰਹੇ॥

ਜੇ ਉਹ ਚੰਦਰ ਬਣੇ ਮੈਂ ਬਣਾਂ ਚਾਨਣੀ।
ਮੇਰੇ ਰਾਹੀਂ ਓਹ ਜਗ ਵਿੱਚ ਪਸਰਦਾ ਰਹੇ॥

ਮੇਰਾ ਮਨ ਹੈ ਪੁਜਾਰੀ ਪਰੀ ਸ਼ਕਲ ਦਾ।
ਬਣ ਸ਼ਿਵਾਲੇ ਦਾ 'ਦੀਪਕ' ਉਹ ਬਲਦਾ ਰਹੇ॥

✵

## ਯਾਦ ਸੁਹਣਾ ਆ ਗਿਆ

ਅਸਾਨੂੰ ਯਾਦ ਸੁਹਣਾ ਆ ਗਿਐ ਅੱਜ।
ਭੁਲ ਚਿਹਰਾ ਹੀ ਦਿਲ ਤੜਫਾ ਗਿਐ ਅੱਜ॥

ਅਸਾਡੇ ਆਠਰੇ ਜ਼ਖਮਾਂ ਦੇ ਉੱਤੇ।
ਖੁਰਚ ਕੇ ਲੂਣ ਸੁਹਣਾ ਲਾ ਗਿਐ ਅੱਜ॥

ਅਸਾਡੀ ਜਿਦ ਭੁਲਾਵਣ ਦੀ ਸੀ ਓਹਨੂੰ।
ਅਸਾਡੀ ਜਿਦ ਨੂੰ ਗੁੱਠੇ ਲਾ ਗਿਐ ਅੱਜ॥

ਸੁਣਾਵਾਂ ਕਿਸ ਨੂੰ ਮੈਂ ਸਾਰੀ ਕਹਾਣੀ।
ਮੇਰੀ ਸਾਖ਼ੀ ਨੂੰ ਉਹ ਉਲਝਾ ਗਿਐ ਅੱਜ॥

ਸੁਹਾਣੇ ਦਰਦ ਦੀ ਦੌਲਤ ਕਸਕ ਸੰਗ।
ਅਸਾਡੀ ਝੋਲ ਸਾਰੀ ਪਾ ਗਿਐ ਅੱਜ॥

## ਜੇ ਅਜ ਰਾਤ ਨੂੰ

ਅਗਰ ਚੰਨ ਚਿਹਰਾ ਵਿਖਾਵੇਂ ਤਾਂ ਕੀ ਏ।
ਜੇ ਅੱਜ ਰਾਤ ਨੂੰ ਯਾਰ ਆਵੇਂ ਤਾਂ ਕੀ ਏ॥

ਖਿਆਲਾਂ ਚ ਆਕੇ ਤੂੰ ਮੁੜ ਕੇ ਤੁਰ ਜਾਨੈ।
ਜੇ ਅੱਜ-ਸੁਹਣਿਆਂ ਤੂੰ ਨਾ ਜਾਵੇ ਤਾਂ ਕੀ ਏ॥

ਨਹੀਂ ਦਿਲ ਲਗੀ ਹੁੰਦੀ ਦਿਲ ਦੀ ਲਗੀ ਵੀ।
ਦਿਲ ਦੀ ਲਗੀ ਨੂੰ ਬੁਝਾਵੇਂ ਤਾਂ ਕੀ ਏ॥

ਹਰ ਪਾਸੇ ਜਲਵਾ ਤੇਰਾ ਮੇਰੇ ਦਿਲਬਰ।
ਆ ਸਾਹਵੇਂ ਤੂੰ ਜਲਵਾ ਦਿਖਾਵੇਂ ਤਾਂ ਕੀ ਏ॥

ਖਿਆਲਾਂ 'ਚ ਕਰਦੈਂ ਜਿੱਦਾਂ ਮੇਰੇ ਦਿਲਬਰ।
ਸਚਮੁੱਚ ਵੀ ਕਰਕੇ ਵਿਖਾਵੇ ਤਾਂ ਕੀ ਏ॥

ਮੇਰੀ ਮਨ-ਕਲੀ ਨੂੰ ਉਦਾਸੀ ਨੇ ਡੰਗਿਐ।
ਤੂੰ ਦਰਦਾਂ ਤੋਂ ਪਾਸੇ ਲਿਜਾਵੇਂ ਤਾਂ ਕੀ ਏ॥

ਮੁਹੱਬਤ ਦੇ ਦੀਪਕ ਬੁਝਾਂਦੇ ਨੇ ਲੋਕੀ।
ਤੂੰ ਉਲਫਤ ਦਾ 'ਦੀਪ' ਇੱਕ ਜਗਾਵੇਂ ਤਾਂ ਕੀ ਏ॥

# ਚੰਗਾ ਸੀ

ਆਪ ਮੇਰੇ ਸੰਗ ਯਾਰ ਜੇ ਤੁਰਦੋਂ ਚੰਗਾ ਸੀ।
ਲੈ ਵਿਸ਼ਵਾਸ ਨੂੰ ਨਾਲ ਜੇ ਤੁਰਦੋਂ ਚੰਗਾ ਸੀ॥

ਚੰਗਾ ਸੀ ਤੂੰ ਮੇਰੇ ਦਿਲ ਵਿੱਚ ਹਰ-ਦਮ ਰਹਿੰਦਾ।
ਵਾਂਗ ਪਤਾਸੇ ਯਾਰ ਨਾ ਖੁਰਦੋਂ ਚੰਗਾ ਸੀ॥

ਚੰਗਾ ਹੁੰਦਾ ਨਾ ਉੱਗਦੇ ਸੁਫਨੇ ਮੇਰੇ।
ਵਾਂਗਰ ਕੱਚ ਦੇ ਯਾਰ ਨਾ ਭੁਰਦੋਂ ਚੰਗਾ ਸੀ॥

ਮੇਰਾ ਦੀਨ ਈਮਾਨ ਤੂੰ ਮੱਕਾ ਕਾਸ਼ੀ ਤੂੰ।
ਬਣ ਹਮਦਮ ਦਿਲਬਰ-ਯਾਰ ਜੇ ਤੁਰਦੋਂ ਚੰਗਾ ਸੀ॥

ਤੇਰੇ ਰਾਹੀਂ ਦਿਲਬਰ ਯਾਰ ਵਿਛਾਏ ਨੈਣ।
ਬਣ ਸੁਫਨਾ 'ਦੀਪ' ਦੇ ਨੈਣੀਂ ਫੁਰਦੋਂ ਚੰਗਾ ਸੀ॥

✶

# ਬੁਲਾਇਆ ਤੈਨੂੰ

ਮੈਂ ਕਈ ਵਾਰ ਬੁਲਾਇਆ ਤੈਨੂੰ।
ਤੂੰ ਤਾਂ ਦਿਲੋਂ ਭੁਲਾਇਆ ਮੈਨੂੰ॥

ਮੈਂ ਮੰਗੀ ਸੀ ਭੀਖ ਦੀਦ ਦੀ।
ਤੂੰ 'ਗੂਠਾ ਦਿਖਲਾਇਆ ਮੈਨੂੰ॥

ਤੇਰੇ ਆਉਣ ਦੀ ਆਸ ਨੇ ਮਿੱਤਰਾ।
ਮੁੱਦਤਾਂ ਤੱਕ ਤਰਸਾਇਆ ਮੈਨੂੰ॥

ਪਤਾ ਸੀ ਮੈਨੂੰ ਐਦਾਂ ਹੋਣਾ।
ਪਰ ਦੱਸ ਕਿਓਂ ਉਕਸਾਇਆ ਮੈਨੂੰ॥

ਦੇਕੇ ਆਸ ਮਿਲਾਪਾਂ ਵਾਲੀ।
ਦਿਲਬਰਾ ਕਿਓਂ ਭੁਚਲਾਇਆ ਮੈਨੂੰ॥

ਖ਼ਾਬ ਸੀ ਤੱਕਿਆ ਦਏਂਗਾ ਹਾਸੇ।
ਤੂੰ ਤਾਂ ਯਾਰ ਰੁਆਇਆ ਮੈਨੂੰ॥

ਦੇ ਕੇ ਫੀਮ ਜਿਹੀ ਲਾਰੇ ਵਾਲੀ।
ਲੰਮੀ ਦੇਰ ਸੁਆਇਆ ਮੈਨੂੰ॥

ਜਾਗਦੀਆਂ ਅੱਖਾਂ ਦੇ ਸੁਫਨੇ।
ਨਾਲ ਨਹੀਂ ਮਿਲਵਾਇਆ ਮੈਨੂੰ॥

ਵਿੱਚ ਸ਼ਿਵਾਲੇ ਯਾਰ ਵਕਤ ਨੇ।
ਕਰਕੇ 'ਦੀਪ' ਜਲਾਇਆ ਮੈਨੂੰ॥

✵

## ਆ ਜਾ ਬਣ

ਆ ਜਾ ਬਣ ਕੇ ਭਾਵੇਂ ਨਾਗ।
ਪਾ ਜਾ ਮੇਰੇ ਦਿਲ ਤੇ ਦਾਗ॥

ਮੈਂ ਤਾਂ ਤੈਥੋਂ ਮੰਗਾਂ ਦਰਸ਼ਨ।
ਤੂੰ ਕਹੇਂ ਛੇੜ ਨਾ ਐਸਾ ਰਾਗ॥

ਤੇਰੀ ਦੀਦ ਸਵੱਲੀ ਹੋਵੇ।
ਦੀਦੜਿਆਂ ਦੇ ਖੁੱਲ੍ਹਣ ਭਾਗ॥

ਪੱਲੇ ਮੇਰੇ ਫਿਕਰ ਤੇ ਫਾਕੇ।
ਰੱਖੀ ਨਾ ਮੈਂ ਸੁਖ ਦੀ ਝਾਕ॥

ਚੰਨਾ! ਚਾਨਣਾ ਹੋਰਾਂ ਨੂੰ ਦਏਂ।
ਸਾਡੇ ਹਿੱਸੇ ਕਾਲਾ ਦਾਗ਼॥

ਉਜੱੜੇ-ਪੁੱਜੜੇ ਆਸ ਦੇ ਬੇਲੇ।
ਬਿਰਹੋਂ ਵਾਲੜੇ ਸ਼ੂਕਦੇ ਨਾਗ॥

'ਦੀਪ' ਜਗਾਵਾਂ ਆਸ ਬਨੇਰੇ।
ਰੱਖਾਂ ਦੀਦ ਨੂੰ ਅਜੇ ਵੀ ਝਾਕ॥

✱

## ਸਾਡੇ ਹੱਥੀਂ ਕਾਸੇ

ਸਾਡੇ ਹੱਥੀਂ ਕਾਸੇ ਨੇ।
ਓਹਦੇ ਬੁੱਲ੍ਹੀਂ ਹਾਸੇ ਨੇ॥
ਸੁਣ ਓ ਕੁਦਰਤ ਦੇ ਕਾਦਰ।
ਤੇਰੇ ਖ਼ੂਬ ਤਮਾਸ਼ੇ ਨੇ॥
ਹੋਰਾਂ ਲਈ ਤਾਂ ਪਿਆਲੇ ਹਨ।
ਸਾਡੇ ਲਈ ਦਿਲਾਸੇ ਨੇ॥
ਤੂੰ ਬੇਸ਼ੱਕ ਇਕ ਖਵਾਬ ਸਹੀ।
ਮੇਰੇ ਨੈਣ ਪਿਆਸੇ ਨੇ॥
ਅਰਮਾਨਾਂ ਦਾ ਹਾਲ ਨਾ ਪੁੱਛ।
ਇਹ ਤਾਂ ਆਪ ਬੇ-ਆਸੇ ਨੇ॥
ਲੋਕਾਂ ਕੋਲੋਂ ਡਰਦਾ ਹਾਂ।
ਸੂਲਾਂ ਆਸੇ ਪਾਸੇ ਨੇ॥
ਦਿਲ ਦਾ ਹਾਲ ਨਹੀਂ ਕਹਿਣਾ।
ਬੇਸ਼ਕ ਹੋਂਠ ਪਿਆਸੇ ਨੇ।॥

✵

## ਅੱਖੀਆਂ ਲਾਉਣਾ ਸੌਖਾ

ਅੱਖੀਆਂ ਲਾਉਣਾ ਸੌਖਾ-ਸੌਖਾ।
ਤੋੜ ਚੜ੍ਹਾਉਣਾ ਔਖਾ-ਔਖਾ॥

ਸੌਖਾ ਵਾਅਦੇ ਕਸਮਾਂ ਪਾਉਣਾ।
ਬੋਲ ਪੁਗਾਉਣਾ ਔਖਾ-ਔਖਾ॥

ਜਗ ਦੇ ਕੰਡਿਆਂ ਸੂਲਾਂ ਅੰਦਰ।
ਫੁੱਲ ਖਿੜਾਉਣਾ ਔਖਾ-ਔਖਾ॥

ਬਣ ਕੇ ਖੇਡ-ਖਿਡਾਉਣਾ ਜਗ ਵਿੱਚ।
ਆਪ ਵਿਖਾਉਣਾ ਔਖਾ-ਔਖਾ॥

ਸੌਖਾ ਅੱਖੀਂ ਅੱਥਰ ਦੇਣਾ।
ਪਰ ਮੁਸਕਾਉਣਾ ਔਖਾ-ਔਖਾ॥

ਸੌਖਾ ਵਣਜ ਵਿਹੁ ਦਾ ਕਰਨਾ।
ਅੰਮ੍ਰਿਤ ਵਰਤਾਉਣਾ ਔਖਾ-ਔਖਾ॥

ਔਖਾ ਰਾਹ ਇਸ਼ਕ ਦੇ ਵਾਲਾ।
ਟੱਲ ਵਜਾਉਣਾ ਸੌਖਾ-ਸੌਖਾ॥

ਰਾਹ ਗ਼ਜ਼ਲ ਦਾ ਔਖਾ ਡਾਹਢਾ।
ਤੁੱਕ ਮਿਲਾਉਣਾ ਸੌਖਾ-ਸੌਖਾ॥

ਔਖਾ ਬੁਝਦੇ 'ਦੀਪ' ਜਗਾਉਣਾ।
ਦੀਪ ਬੁਝਾਉਣਾ ਸੌਖਾ-ਸੌਖਾ॥

✱

# ਆਪਣੇ ਵਰਗਾ

ਆਪਣੇ ਵਰਗਾ ਲੱਗਿਆ ਤੂੰ।
ਤੈਨੂੰ ਮੈਂ, ਤਾਂ ਚਾਹਿਆ ਸੀ॥

ਓਹੀ ਮੇਰਾ ਹੈਸੀ ਮੰਦਰ।
ਜਿਸ ਦਰ 'ਦੀਪ' ਜਗਾਇਆ ਸੀ॥

ਖਬਰੇ ਤੇਰਾ ਧਿਆਨ ਕਿਧਰ ਸੀ।
ਮੈਂ ਕਈ ਵਾਰ ਬੁਲਾਇਆ ਸੀ॥

ਸ਼ਾਮ ਢਲੀ ਹੋ ਦੂਰ ਗਿਆ।
'ਉਹ' ਜੋ ਮੇਰਾ ਸਾਇਆ ਸੀ॥

ਮੇਰੇ ਸੰਘ ਵਿੱਚ ਅੜਦੈ ਹੁਣ।
ਤੇਰੇ ਸੰਗ ਜੋ ਗਾਇਆ ਸੀ॥

ਹੁਣ ਉਹ ਗੈਰਾਂ ਦੇ ਬੋਝੇ।
ਕੱਲ੍ਹ ਤੱਕ ਤਾਂ ਹਮਸਾਇਆ ਸੀ॥

ਦਿਲ ਦੇ ਮੰਦਿਰ ਦੀਪ ਜਗਾ।
ਅਸਾਂ ਤਾਂ ਸੀਸ ਝੁਕਾਇਆ ਸੀ॥

ਦਿਲਬਰ ਆਉਣ ਦੀ ਆਸ਼ਾ ਵਾਲਾ।
ਰਾਂਗਲਾ ਪੀਹੜਾ ਡਾਹਿਆ ਸੀ॥

# ਸੁਹਾਣੀ ਚਾਂਦਨੀ

ਸੁਹਾਣੀ ਚਾਂਦਨੀ ਇਹ ਰਾਤ ਥੱਕ ਕੇ ਸੌਂ ਗਈ।
ਉਨੀਂਦੀ ਰਾਗਣੀ ਇਹ ਰਾਤ ਥੱਕ ਕੇ ਸੌਂ ਗਈ॥

ਸਵੇਰੇ-ਆਥਣੇ ਦੀ ਵਾਟ ਲੰਮੀ ਦੂਰ ਦੀ।
ਮੁਕਾ ਕੇ ਆ ਗਈ ਇਹ ਰਾਤ ਥੱਕ ਕੇ ਸੌਂ ਗਈ॥

ਅਸਾਡੇ ਸੁਫਨਿਆਂ ਦੇ ਬਾਗ 'ਚੋਂ ਹਰੇ ਬੂਟੇ।
ਸੁਕਾ ਕੇ ਪਾ ਗਈ ਇਹ ਰਾਤ ਥੱਕ ਕੇ ਸੌਂ ਗਈ॥

ਅਸਾਡੀ ਰਾਤ ਵੀ ਮੁੱਕੀ ਨਹੀਂ ਉਡੀਕਾਂ ਦੀ।
ਮੁਕਾ ਕੇ ਆਪਣੀ ਇਹ ਬਾਤ ਥੱਕ ਕੇ ਸੌਂ ਗਈ॥

ਬੜੇ ਹੀ ਵਾਅਦੇ ਨਿਭਾਵਣ ਦੇ ਏਹਨੇ 'ਕੌਲ' ਕਰੇ।
ਨਿਭਾਇਆ ਏਸ ਨੇ ਨਾ ਸਾਥ ਥੱਕ ਕੇ ਸੌਂ ਗਈ॥

✵

# ਅੰਦਰ ਬਾਹਰ ਰੌਸ਼ਨੀ

ਅੰਦਰ ਬਾਹਰ ਰੌਸ਼ਨ ਹੋਵੇ, ਸਰਦਲ ਤੇ ਜਦ ਦੀਪ ਜਗੇ।
ਨ੍ਹੇਰਾ ਆਪਣਾ ਮੁੱਖ ਲੁਕੋਵੇ, ਸਰਦਲ ਤੇ ਜਦ ਦੀਪ ਜਗੇ॥

'ਕਾਮਣੀ' ਪ੍ਰੀਤਮ ਦੀ ਬੁਕੱਲ ਵਿੱਚ ਅਰਸ਼ੀ ਝੂਟੇ ਲੈਂਦੀ ਰਹੇ।
ਬਿਰਹਣ ਅੱਥਰੀਂ ਮੁੱਖੜਾ ਧੋਵੇ, ਸਰਦਲ ਤੇ ਜਦ ਦੀਪ ਜਗੇ॥

ਸਰਘੀ ਤੋਂ ਸੰਧਿਆ ਤੱਕ ਫਿਰ ਵੀ ਦਿਲ ਨੂੰ ਆਹਰੇ ਲਾਈ ਦਾ।
ਦਿਲ ਪਰ ਵੱਸੋਂ ਬਾਹਰਾ ਹੋਵੇ, ਸਰਦਲ ਤੇ ਜਦ ਦੀਪ ਜਗੇ॥

ਖਾਲੀ ਢਾਰਾ ਖੋਲ਼ਾ ਖਾਲੀ, ਪੱਥਰ-ਬੁੱਤ ਬਸ ਹੋਰ ਹੈ ਕੀ।
ਨਤਮਸਤਕ ਮਨ ਪਰ ਤਦ ਹੋਵੇ, ਸਰਦਲ ਤੇ ਜਦ ਦੀਪ ਜਗੇ॥

ਜਗਰਾਤੇ ਦੀ ਜੂਨ ਹੰਢਾਈ, ਐ ਸਾਈਂ ਮੈਂ ਤੇਰੇ ਖਾਤਰ।
'ਮੈਂ' ਵੀ 'ਮੈਂ' ਦਾ ਹਾਣੀ ਹੋਵੇ, ਸਰਦਲ ਤੇ ਜਦ ਦੀਪ ਜਗੇ॥

ਮੈਂ ਵੀ ਜਾਗਾਂ ਓਹ ਵੀ ਜਾਗੇ ਸੌਂਦੀ ਕੁੱਲ ਖੁਦਾਈ ਹੈ।
ਨੈਣ ਵਗਣ ਜਦ ਪੁਰਾ ਵਗੇਂਦਾ, ਸਰਦਲ ਤੇ ਜਦ 'ਦੀਪ' ਜਗੇ॥

ਮਨ ਦੀ ਮਮਟੀ ਸੁੰਨੀ ਕਿੱਦਾਂ ਦੱਸ ਗ਼ਜ਼ਲ਼ੇ ਰਹਿ ਸਕਦੀ ਹੈ।
ਮਨ ਅਤੇ ਤਨ ਦੀ ਤਾਜ਼ਗੀ ਹੋਵੇ, ਸਰਦਲ ਤੇ ਜਦ 'ਦੀਪ' ਜਗੇ॥

ਗ਼ਜ਼ਲੇ ਤੂੰ ਪਰਦੇਸਣ ਹੋਈਓਂ ਛਮ-ਛਮ ਨੇਤਰ ਵਰ੍ਹਦੇ ਨੇ।
ਯਾਦ ਆ ਜਾਵੇ ਤੇਰਾ ਮੁਖੜਾ, ਸਰਦਲ ਤੇ ਜਦ ਦੀਪ ਜਗੇ॥

'ਦੀਪ' ਦੀ ਜੂਨੇ ਪੈ ਕੇ ਸੁਖੀਆ ਰਹਿਣੇ ਦਾ ਵੱਲ ਏਹੀ ਹੈ।
ਵੰਡੇ ਚਾਨਣ ਨ੍ਹੇਰ ਲੁਕੋਵੇ, ਸਰਦਲ ਤੇ ਜਦ ਦੀਪ ਜਗੇ॥

✵

## ਮੱਥੇ

ਕਿਧਰੇ ਕੋਈ ਬੁਝਾਏ ਮੱਥੇ।
ਕਿਧਰੇ ਕੋਈ ਜਗਾਏ ਮੱਥੇ॥

ਮੱਥੇ ਵੇਖਕੇ ਤਿਲਕ ਲਗਾਵਣ।
ਕਿਧਰੇ ਕੋਈ ਵਿਕਾਏ ਮੱਥੇ॥

ਇਹ ਮੇਰਾ ਹੈ ਇਹ ਹੈ ਤੇਰਾ।
'ਵੰਡ' ਨੇ ਇੰਜ ਵੰਡਾਏ ਮੱਥੇ॥

ਇਕਨਾਂ ਮੱਥੇ ਮੁੜ੍ਹਕੇ ਫਿਕਰਾਂ॥
ਮੁਕਟਾਂ ਇੱਕ ਸਜਾਏ ਮੱਥੇ।

ਇਕਨਾਂ ਮੱਥੇ ਜੋਤ ਤਰਕ ਦੀ।
ਇਕਨਾ ਭਰਮ ਟਿਕਾਏ ਮੱਥੇ॥

ਅੱਤ ਵੇਖਕੇ ਹੱਕ-ਸੱਚ ਲਈ।
ਵਿਰਲਾ ਕੋਈ ਲਗਾਏ ਮੱਥੇ॥

ਸਭਾ ਸੁਸਾਇਟੀ ਦੇਸ਼ ਕਿ ਸੂਬਾ।
ਵੱਖੋ-ਵੱਖੋ ਉਠਾਏ ਮੱਥੇ॥

ਇਕਨਾਂ ਨੀਂਹਾਂ ਵਿੱਚ ਚਿਣ ਹੋ ਕੇ।
ਮੂਲੋਂ ਨਹੀਂ ਝੁਕਾਏ ਮੱਥੇ॥

ਇਕਨਾਂ ਦਸਤਾਰਾਂ ਤੋ ਹੀਣੇ।
ਗੋਲ੍ਹਕਾਂ ਲਈ ਕਰਾਏ ਮੱਥੇ॥

ਇਕਨਾਂ ਦੀਪ ਨੂੰ ਮੱਥੇ ਟੇਕਣ।
ਇਕਨਾਂ 'ਦੀਪ' ਟਿਕਾਏ ਮੱਥੇ॥

## ਪਿਪਲ ਟਾਹਣੇ ਅੜਿਆ ਚੰਨ

ਪਿੱਪਲ ਟਾਹਣੇ ਅੜਿਆ ਚੰਨ।
ਖਵਰੇ ਕਿਸ ਨੇ ਫੜ੍ਹਿਆ ਚੰਨ॥

ਜ਼ੁਲਫਾਂ ਬੱਦਲ ਚਿਹਰੇ ਤੇ।
ਖੁਦ ਸੰਗ ਏਨਾ ਲੜਿਆ ਚੰਨ॥

ਅੱਖੀਆਂ ਦੋ ਤੋਂ ਚਾਰ ਹੋਈਆਂ।
ਆਖਣ ਸਾਰੇ ਚੜ੍ਹਿਆ ਚੰਨ॥

ਨਾ ਕਰ ਪਰਦਾ ਸੱਜਣਾ ਵੇ।
ਕਦ ਬੱਦਲਾਂ ਤੋਂ ਤੜਿਆ ਚੰਨ॥

ਚੰਨ ਕਰੇ ਅਰਜ਼ੋਈਆਂ ਇਹ।
ਨਾ ਕਹਿ ਸਾਨੂੰ ਅੜਿਆ ਚੰਨ॥

ਮੱਸਿਆ ਰਾਤੇ ਈਦ ਬਣੀ।
ਤੇਰੇ ਮੁੱਖ ਤੋਂ ਚੜ੍ਹਿਆ ਚੰਨ॥

ਸ਼ਾਹਾਂ ਕਬਜ਼ੇ ਕੀਤੇ ਸੂ।
ਓਹਨਾਂ ਕੋਠੀਂ ਤੜਿਆ ਚੰਨ॥

ਤੇਰੇ ਨਾਮ ਦਾ ਦੀਪ ਜਗਾਇਆ।
ਆਪਣੀ ਕੁੱਲੀ ਧਰਿਆ ਚੰਨ॥

✵

## ਜਦ ਭੌਰ ਕਲੀ ਨੂੰ ਛੇੜੇ

ਜਦ ਭੌਰ ਕਲੀ ਨੂੰ ਛੇੜੇ ਗਜ਼ਲ ਤਦ ਹੋ ਜਾਵੇ।
ਜਦ ਹੋਵਣ ਉਹ ਮੇਰੇ ਨੇੜੇ ਗਜ਼ਲ ਤਦ ਹੋ ਜਾਵੇ॥

ਜਦ ਚਕਵੀ ਚਿਤਵੇ ਚੰਨ, ਚਾਤਰਕ ਸਵਾਤੀ ਜਲ।
ਤੁਸੀਂ ਆਵੋ ਸੋਚ ਦੇ ਵਿਹੜੇ, ਗ਼ਜ਼ਲ ਤਦ ਹੋ ਜਾਵੇ॥

ਜਦ ਰਾਤ ਪਹਿਰ ਦੋ ਗੁਜਰੇ ਪੂਰਨਮਾਂਸ਼ੀ ਹੋਵੇ।
ਸਾਹ ਹੋਵਣ ਸਾਹਵਾਂ ਨੇੜੇ, ਗ਼ਜ਼ਲ ਤਦ ਹੋ ਜਾਵੇ॥

ਜਦ ਝਰਨੇ ਹੇਠਾਂ ਨ੍ਹਾਉਂਦੀ ਹੋਵੇ ਆਪ ਨਦੀ।
ਚੰਨ ਚਿਹਰਾ ਜ਼ੁਲਫਾਂ ਘੇਰੇ, ਗਜ਼ਲ ਤਦ ਹੋ ਜਾਵੇ॥

ਜਦ ਉਹ ਵੰਝਲੀ ਬਣ ਆਏ ਹੋਠੀਂ ਆਣ ਟਿਕੇ।
ਤੇ ਤਨਮਨ ਸਰਗਮ ਛੇੜੇ, ਗ਼ਜ਼ਲ ਤਦ ਹੋ ਜਾਵੇ॥

ਕੋਈ ਬੱਚੜਾ ਚੰਨ ਨੂੰ ਵੇਖੇ ਫੜ੍ਹਨ ਦੀ ਜ਼ਿਦ ਕਰੇ।
ਚੜ੍ਹ ਬੈਠੇ ਦੀਪ ਕੰਧੇੜੇ, ਗਜ਼ਲ ਤਦ ਹੋ ਜਾਵੇ॥

✵

# ਸਾਲੂਆਂ ਨੂੰ ਬਿੰਦੀਆਂ ਨੂੰ

ਸਾਲੂਆਂ ਨੂੰ, ਬਿੰਦੀਆਂ ਨੂੰ, ਚੂੜਿਆਂ ਨੂੰ ਸੌ ਸਲਾਮ।
ਲਾਜ-ਪੂਰਨ ਨੇਤਰਾਂ ਨੂੰ, ਅਸਮਤਾਂ ਨੂੰ ਸੌ ਸਲਾਮ॥

ਦੂੰਹ ਘਰਾਂ ਦੀ ਲਾਜ ਨੂੰ ਜਿਨ ਤਰੀਮਤਾਂ ਨੇ ਪਾਲ਼ਿਆ।
ਸਿਦਕਵਾਨਾਂ, ਸੋਚਵਾਨਾਂ ਤਰੀਮਤਾਂ ਨੂੰ ਸੌ ਸਲਾਮ॥

ਪਾਲਣੇ ਵਿੱਚ ਪਾਲ ਕੇ ਕੌਮਾਂ ਨੂੰ ਕਾਇਮ ਕਰਦੀਆਂ।
ਰੱਬੀ-ਨੂਰੀ ਰਹਿਮਤਾਂ ਨੂੰ ਸ਼ਫਕਤਾਂ ਨੂੰ ਸੌ ਸਲਾਮ॥

ਨੇਕ-ਨੀਅਤ ਨਾਲ ਘਰ-ਪਰਿਵਾਰ ਨੂੰ ਸਾਂਭਣ ਸਦਾ।
ਹਿੰਮਤਾਂ ਨੂੰ, ਨੀਅਤਾਂ ਨੂੰ, ਬਰਕਤਾਂ ਨੂੰ ਸੌ ਸਲਾਮ॥

ਜੋ ਵਿਰਾਸਤ ਤੋਂ ਮਿਲੇ ਉਹ ਨਵੀਆਂ ਨਸਲਾਂ ਨੂੰ ਪੁਚਾਣ।
ਰਾਖੀਆਂ ਦੀ, ਕਾਕੀਆਂ ਦੀ ਅਜ਼ਮਤਾਂ ਨੂੰ ਸੌ-ਸਲਾਮ॥

ਮਾਂ ਦੀ ਮਾਂ ਨੂੰ ਸੌ ਸਲਾਮਾਂ ਜਨਮਿਆ ਜਿਨ ਮੇਰੀ ਮਾਂ ਨੂੰ।
ਮੋਹ ਭਿਜੇ ਮਾਤ-ਰੂਪੀ ਰਿਸ਼ਤਿਆਂ ਨੂੰ ਸੌ ਸਲਾਮ॥

✻

# ਇਹ ਦਿਲ ਧੜਕਣ ਧੜਕਣ

ਇਹ ਦਿਲ ਧੜਕਣ ਧੜਕਣ ਧੜਕਣ ਕਰਦਾ ਹੈ।
ਝਾਂਜਰ ਵਾਂਗ ਛਣਕਣ ਛਣਕਣ ਕਰਦਾ ਹੈ॥

ਧੜਕਣ ਦਿਲ ਤੇ ਬੋਝ ਨਹੀਂ ਪਰ ਕਲਯੁਗ ਹੈ।
ਧੜਕਣ ਸੰਗ ਦਿਲ ਅਣਬਣ ਅਣਬਣ ਕਰਦਾ ਹੈ॥

ਜੀਵਨ ਤੋਂ ਕੋਈ ਕੱਜਣ ਕੱਜਣ ਮੰਗਦੈ ਪਰ।
ਜੀਵਨ ਲਈ ਕੋਈ ਖੱਫਣ ਖੱਫਣ ਕਰਦਾ ਹੈ॥

ਕੁਝ ਦਾਮਨ ਨੂੰ ਪਰਚਮ ਪਰਚਮ ਕਰਦੇ ਨੇ।
ਦਾਮਨ ਦਾਮਨ ਚਾਨਣ ਚਾਨਣ ਕਰਦਾ ਹੈ॥

ਓਹੀ ਪੀਰ ਔਲੀਆ ਰਹਿਬਰ ਬਣਦਾ ਏ।
ਹਰ ਸਰਦਲ ਜੋ ਚਾਨਣ ਚਾਨਣ ਕਰਦਾ ਹੈ॥

## ਬਾਣੀ ਤਾਈਂ ਮੱਥਾ ਟੇਕੇ

ਜੇ ਬੰਦਾ ਬਣ ਤੁਰੇ ਬੰਦਾ ਸ਼ੁਰੂ ਤਾਂ ਬੰਦਗੀ ਹੋਵੇ।
ਜੋ ਕੰਮ ਜ਼ਿੰਦਗੀ ਦੇ ਆ ਜਾਏ, ਸਫਲ ਉਹ ਜ਼ਿੰਦਗੀ ਹੋਵੇ॥

ਮੁਕੰਮਲ ਸੁਫਨਿਆਂ ਨੂੰ ਆਪ ਹੀ ਕਰ ਜਾਂਵਦਾ ਹੈ ਉਹ।
ਕਿ ਜਿਸਦੇ ਸੁਫਨਿਆਂ ਵਿਚ ਦੋਸਤੋ ਪਾਕੀਜ਼ਗੀ ਹੋਵੇ॥

ਸਿਰਫ਼ ਸਾਹਵਾਂ ਦੀ ਆਵਾ ਗੌਣ ਨੂੰ ਜਿਓਣਾ ਨਹੀਂ ਆਖੋ।
ਕਿਸੇ ਦੇ ਨਾਮ ਤੇ ਧੜਕੋ, ਬਾਕਾਇਦਾ ਜ਼ਿੰਦਗੀ ਹੋਵੇ॥

ਉਹ ਫੁੱਲ ਹੈ ? ਨਹੀਂ, ਕੋਈ ਕਲੀ ? ਜਾਂ ਰਾਗਣੀ ਕੋਈ।
ਓਹੋ ਤਾਂ ਜਾਪਦੈ ਸ਼ੇਅਰਾਂ ਦੀ ਜਿੱਦਾਂ ਸ਼ਾਇਸਤਗੀ ਹੋਵੇ॥

ਮਲਕੜੇ ਸੁਫਨਿਆਂ ਨੂੰ ਪੰਖ ਸੁਰਖਾਬਾਂ ਦੇ ਲਾ ਬਹਿੰਦੈ।
ਲਿਖੀ ਜਿਓਂ ਓਹਨੇ ਨਸੀਬੀਂ ਆਪਣੇ ਆਵਾਰਗੀ ਹੋਵੇ॥

ਓਹ ਲੱਖ ਕੁੰਭੀਂ ਨਹਾ ਆਵੇ ਤੇ ਬੇਸ਼ੱਕ ਹੱਜ ਜਾ ਆਵੇ,
ਨਹੀਂ ਪਾਕੀਜ਼ਾ ਜੇ ਜ਼ਿਹਨੀਂ ਭਰੀ ਪਾਲੀਤਗੀ ਹੋਵੇ।

ਅਗਰ ਕੋਈ ਤਰੇੜੇ 'ਦੀਪ' ਦੇ ਵਿਚ ਤੇਲ ਪਾ ਦੇਵੇ,
ਚਿਰੋਕੀ ਕਿਸ ਤਰ੍ਹਾਂ ਉਸ 'ਦੀਪ' ਦੀ ਫਿਰ ਰੌਸ਼ਨੀ ਹੋਵੇ।

✯

## ਮੇਰੇ ਜਿਹਾ ਹੀ ਦਿਲਜਲਾ

ਭੋਂ ਪਿਆਸੀ ਤਰਸੇਵੇਂ ਮਾਰੀ, ਬੱਦਲ ਡਾਹਢਾ ਬੇ ਪਰਵਾਹ।
ਮੌਲਾ ਜਾਣੇ ਕੀਕਣ ਹੋਸੀ, ਭੋਂ-ਬੱਦਲ ਦਾ ਯਾਰ ਨਿਬਾਹ॥

ਪਾਟੇ ਤੇ ਪਥਰਾਏ ਬੁੱਲ੍ਹੀਂ, ਸਵਾਂਤ ਬੂੰਦ ਨਾ ਦੇਂਦਾ ਕੋਈ।
ਨਦੀਆਂ, ਨਾਲੀਆਂ, ਨਾਲੇ, ਸਾਗਰ, ਝਰਨੇ ਵਗਦੇ ਅਸਗਾਹ॥

ਸਾਗਰ ਦਾ ਤਲ, ਅੰਬਰ ਦੀ ਛੱਤ, ਚਾਹਵੇ ਤਾਂ ਮਿਣ ਸਕਦੈ ਕੋਈ।
ਬਿਰਹਣ ਦਾ ਦਿਲ ਨਾਪੇ ਕਿਹੜਾ, ਨਾ ਮਿਣਤੀ ਨਾ ਕੋਈ ਥਾਹ॥

ਮੀਨ ਪਿਆਸੀ ਪਾਣੀ ਅੰਦਰ ਜੇ ਹੋਵੇ ਤਾਂ ਅਚਰਜ ਕੇਹਾ।
ਸੂਰਜ ਨਾਲ ਵੀ, ਸੂਰਜੋਂ ਦੂਰ ਵੀ ਹੋ ਸਕਦੀ ਹਰ ਇੱਕ ਸ਼ੁਵਾ॥

ਅੰਦਰ ਬਾਹਰ ਰੌਸ਼ਨ ਹੋ ਜੇ, ਨੱਸੇ ਦੂਰ ਹਨੇਰਾ ਵੀ।
ਹੇ ਬਿਰਹਨ ਤੂੰ ਹੌਸਲਾ ਕਰਕੇ ਫਿਰ ਯਾਦਾਂ ਦਾ ਦੀਪ ਜਲਾ ॥

✷

## ਅਮਰੀਕਾ ਦੀ ਥਾਣੇਦਾਰੀ

ਯਾਰੋ ਗੁੰਮਦੇ ਜਾਂਦੇ ਨੇ ਹੁਣ ਮੋਹਾਂ ਦੇ ਸਿਰਨਾਵੇਂ।
ਦੀਪਕਾਂ ਕੋਲੋਂ ਵੱਖ ਹੋ ਗਏ ਨੇ ਲੋਆਂ ਦੇ ਸਿਰਨਾਵੇਂ॥

ਪਹਿਲਾਂ ਪੈਰ ਤਾਂ ਪੁੱਟਿਆ ਹੈ ਨਾ ਐਪਰ ਪੈ ਗੇ ਸੋਚੀਂ।
ਪੁੱਛਦੇ ਅਣ ਤੁਰੀਆਂ ਵਾਟਾਂ ਦੇ ਕੋਹਾਂ ਦੇ ਸਰਨਾਵੇਂ॥

ਕੱਚੇ ਵਿਹੜੇ ਜਦ ਹੁੰਦੇ ਸੀ ਰਿਸ਼ਤੇ ਤਦ ਸੀ ਪੱਕੇ।
ਕੀਤੇ ਪੱਕੇ ਵਿਹੜਿਆਂ ਕੱਚੇ ਮੋਹਾਂ ਦੇ ਸਰਨਾਵੇਂ॥

ਮੈਂ ਤੋਂ ਆਪਾਂ ਅਸੀਂ ਜੇ ਬਣਦੇ ਤਾਂ ਹੀ ਹੁੰਦਾ ਚੰਗਾ।
ਇੱਕ ਛੱਤ ਹੇਠਾਂ ਵੀ ਨਾਂ ਲੱਭਦੇ ਕੋਹਾਂ ਦੇ ਸਰਨਾਵੇਂ॥

ਜੇ ਦਿੱਲੀਏ ਤੂੰ ਅਮਰੀਕੇ ਦੀ ਬੁੱਕਲ ’ਚੋਂ ਨਾ ਨਿਕਲੀ।
ਤੈਨੂੰ ਧੂਹ ਕੇ ਲੈ ਆਵਣਗੇ ਰੋਹਾਂ ਦੇ ਸਰਨਾਵੇਂ॥

ਆਸ ਦੇ ਪੰਛੀ ਵਿਹੜਿਆਂ ਦੇ ਵਿੱਚ ਚੋਗਾ ਚੁਗਣ ਨੂੰ ਉਤਰੀਂ।
ਤਲੀਏ ਚੋਗਾ ਦੇਣਗੇ ਤੈਨੂੰ ਮੋਹਾਂ ਦੇ ਸਰਨਾਵੇਂ॥

ਸਭ ਨੂੰ ਦੇਵੇ ਅਕਲਾਂ ਜਿਹੜਾ ਠਾਣੇਦਾਰੀ ਕਰਦਾ।
ਓਸੇ ਅਮਰੀਕੇ ਦੇ ਮੱਥੀਂ ਖੋਹਾਂ ਦੇ ਸਰਨਾਵੇਂ॥

ਉੱਚੇ ਬੁਰਜੋ! ਮਾਣ ਨਾ ਕਰਿਓ ਠੋਕ੍ਰ ਮਾਰ ਨਾ ਬੈਠਿਓ।
ਨੀਂਹ ਦੇ ਪੱਥਰ ਅਸੀਂ, ਹਾਂ ਐਪਰ ਲੋਆਂ ਦੇ ਸਰਨਾਵੇਂ॥

ਐ ਕੁੰਭਕਾਰੋ ਚਿਲਮ ਚਰਸ ਦੀ ਜਾਂ ਹੁੱਕਾ ਨਾ ਕਰਿਓ।
‘ਦੀਪ’ ਬਣਾਓ ਜਾਂ ਗਮਲੇ ਖੁਸ਼ਬੋਆਂ ਦੇ ਸਰਨਾਵੇਂ॥

✵

# ਨ੍ਹੇਰ ਹਮੇਸ਼ਾ ਰੋਲਦਾ

ਨ੍ਹੇਰ ਹਮੇਸ਼ਾ ਰੋਲਦਾ ਫਿਰਦਾ ਲੋਆਂ ਦੇ ਸਰਨਾਵੇਂ।
ਜੀਕਣ ਕਿ ਹਿੰਗ ਰੋਲ ਧਰੇ ਖੁਸ਼ਬੋਆਂ ਦੇ ਸਰਨਾਵੇਂ॥

ਓਹ ਅਮਰੀਕਾ ਮੇਰੇ ਤੇਰੇ ਐ ਸਾਥੀ ਕਿਸ ਕੰਮ ਦਾ।
ਜੋ ਕਿ ਟੋਲੇ ਹਰਦਮ ਜੰਗ-ਕਨਸੋਆਂ ਦੇ ਸਰਨਾਵੇਂ॥

ਪੇਟ ਭਰੇ ਨਾ ਏਧਰ; ਓਧਰ ਭਰੀ ਪੇਟੀਆਂ ਜਾਂਦੇ।
ਬੀਅਰ ਬਾਰ 'ਚ ਲੱਭ ਪੈਂਦੇ ਹੁਣ ਜੌਂਆਂ ਦੇ ਸਰਨਾਵੇਂ॥

ਫੱਟੀ-ਕਲਮ-ਦਵਾਤ ਤੇ ਬਸਤਾ ਜੇ ਵੇਲੇ ਸਿਰ ਲੱਭਦੇ।
ਟੀਕੇ ਚਿਲਮਾਂ ਨਸ਼ੇ ਨਾ ਬਣਦੇ ਸੌਆਂ ਦੇ ਸਰਨਾਵੇਂ॥

ਪੜ੍ਹ ਲਿਖੇ ਗਾਲੇ ਵਰ੍ਹੇ ਅਨੇਕਾਂ ਐਪਰ ਫਲ ਕੀ ਪਾਇਆ।
ਮਟਕਾ ਚੌਕ 'ਚ ਡਾਂਗਾਂ ਬਣੀਆਂ ਸੌਆਂ ਦੇ ਸਰਨਾਵੇਂ॥

ਕਿਲ੍ਹਿਆਂ ਦੇ ਸੰਗ ਕੁੱਲੀਆਂ, ਕੱਲ੍ਹੀਆਂ ਭਿੜਦੀਆਂ ਲੋਕੋ।
ਕੁੱਲੀਆਂ ਖੋਹੇ ਕਿਲ੍ਹਿਆਂ ਤੋਂ ਪਰ ਲੋਆਂ ਦੇ ਸਰਨਾਵੇਂ॥

ਦੀਪ ਹਮੇਸ਼ਾ ਵੰਡਦੇ ਹਰਦਮ ਲੋਆਂ ਦੇ ਸਰਨਾਵੇਂ।
ਖੁਸ਼ਬੋ-ਖੁਸ਼ਬੋ ਜਗਤ ਬਣੇ ਖ਼ੁਸ਼ਬੋਆਂ ਦੇ ਸਰਨਾਵੇਂ॥

✵

## ਉਧਲੀਆਂ ਕਵਿਤਾਵਾਂ

ਦਰਦਾਂ ਦੇ ਵਰਕੇ ਦੇ ਉੱਤੇ ਉੱਕਰਾਂ ਠੰਢੀਆਂ ਹਾਅਵਾਂ।
ਰਾਤ-ਦਿਨੇ ਮੈਂ ਟੋਲ਼ਦਾ ਫਿਰਦਾਂ ਉਧਲੀਆਂ ਕਵਿਤਾਵਾਂ॥

ਮੇਰੇ ਹਾਲੀਂ ਨੈਣ ਕੁਆਰੇ ਮੇਰੇ ਹੋਂਠ ਤਿਹਾਏ।
ਕਿੱਦਾਂ ਨਾ ਫਿਰ ਹਿਜਰ ਤੇਰੇ ਨੂੰ ਇੱਕ ਡੀਕੇ ਪੀ ਜਾਵਾਂ॥

ਜਿੰਦੂ ਮੈਥੋਂ 'ਉਲਫ਼ਤ-ਬਾਵਾ' ਮੰਗਦਾ ਈ ਰੋ ਰੋ ਕੇ।
ਜਿੰਦੂ ਨੂੰ ਮੈਂ ਆਸ ਦਾ ਬਾਵਾ ਦੇ ਦੇ ਕੇ ਵਰਚਾਵਾਂ॥

ਮੇਰੇ ਜਾਮ 'ਚ ਮੇਰੇ ਸਾਕੀ ਅੱਥਰੂ ਮੇਰੇ ਰਹਿੰਦੇ।
ਕੀਕਣ ਮੈਂ ਇਸ ਜਾਮ ਨੂੰ ਸਾਕੀ ਆਪਣੇ ਹੋਂਠ ਛੁਹਾਵਾਂ॥

ਤਿਰਕਾਲਾਂ ਦੇ ਵੇਲੇ ਸਾਥੀ ਖੁਰਦਾ-ਖੁਰਦਾ ਖੁਰ ਕੇ।
ਸਰਘੀ ਵੇਲੇ ਮੇਰੇ ਸਾਥੀ ਮੈਂ ਮੁੜ ਤੋਂ ਫੁੱਟ ਆਵਾਂ॥

ਮੈਂ ਤਾਂ ਦਿਲ ਦੇ ਜ਼ਖ਼ਮ ਉਚੇੜਾਂ ਲੋਕੀਂ ਪਰ ਇਹ ਕਹਿੰਦੇ।
ਕੇਹੀਆਂ ਹੌਲੀਆਂ-ਹੌਲੀਆਂ ਲਿਖਦੈਂ 'ਜ਼ੀਰਵੀ' ਤੂੰ ਕਵਿਤਾਵਾਂ॥

# ਮਨ ਦੇ ਜੰਗਲ ਅੰਦਰ

ਮਨ ਦੇ ਜੰਗਲ ਅੰਦਰ ਘੁੰਮਣ ਸੋਚਾਂ ਵਾਲੀਆਂ ਵਾਵਾਂ।
ਤਨ ਦੇ ਹਾਣੀ ਮਿਲਦੇ ਹਰ ਦਿਨ ਮਨ ਕਿਧਰ ਲੈ ਜਾਵਾਂ॥

ਕੱਲ੍ਹ ਤਾਂ ਮੇਰੇ ਨਾਲ ਤੁਰੇ ਜੋ ਹਮਰਾਹੀ ਬਣ ਮੇਰੇ।
ਅੱਜ ਜੁਦਾ ਉਹ ਹੋਈਆਂ ਜਾਪਣ ਓਹਦੀਆਂ ਮੇਰੀਆਂ ਰਾਹਵਾਂ॥

ਆਸਾਂ ਦੇ ਨਿੱਤ ਚੋਗ-ਚੁਗੇਂਦਾ ਦਿਲ ਮੇਰਾ ਉਹ ਪੰਛੀ।
ਹਿਜ਼ਰਾਂ ਵਾਲੇ ਫੱਟ ਉਚੇੜ ਕੇ ਲਿਖਦਾ ਮੈਂ ਕਵਿਤਾਵਾਂ॥

ਤੁਸੀਂ ਆਵੋ ਤਾਂ ਮੇਰੀ ਅੱਖੀਆਂ ਨੂੰ ਅੱਥਰ ਦੇ ਜਾਵੋਂ।
ਮੈਂ ਜਾਵਾਂ ਤਾਂ ਥੋੜ੍ਹੀਆਂ ਅੱਖਾਂ ਦੇ ਅੱਥਰ ਲੈ ਆਵਾਂ॥

'ਦੀਪ' ਜਗਾ ਕੇ ਆਸਾਂ ਵਾਲਾ ਬੈਠਿਆਂ ਹਾਂ ਮੈਂ ਵੇਖੋ।
ਸ਼ਾਇਦ ਦਿਲ ਦਾ ਮਹਿਰਮ ਆ ਜਾਏ ਵੇਖਾਂ ਬੈਠਾ ਰਾਹਵਾਂ॥

✵

# ਟੁਕੜੇ ਟੁਕੜੇ ਚੁੱਪ

ਟੁਕੜੇ-ਟੁਕੜੇ ਚੁੱਪ ਹੰਢਾਵਾਂ।
ਬੁਰਕੀ-ਬੁਰਕੀ ਉਮਰ ਲੰਘਾਵਾਂ॥

ਚੁੱਪ ਦੀ ਸਰਦਲ ਬੈਠਿਆਂ ਬੈਠਿਆਂ।
ਆਸ ਦੇ ਸੰਗ ਜਿੰਦੂ ਪਰਚਾਵਾਂ॥

ਕੱਜਣ ਹੀਣਾ ਮਨ ਮੇਰਾ ਏ।
ਤਨ ਉੱਤੇ ਕੱਜਣ ਕੀ ਪਾਵਾਂ॥

ਮਨ ਦਾ ਕੱਜਣ ਕੱਤਣ ਖਾਤਰ।
ਮੁੜ 'ਸੋਚਾਂ-ਚਰਖੇ' ਤੰਦ ਪਾਵਾਂ॥

ਸ਼ਬਦਾਂ ਦੇ ਸੰਗ ਨ੍ਹੇਰੇ ਜੰਗਲ।
ਸੁੱਕੇ ਹਰਫ ਚੁਗੇਂਦੀ ਜਾਵਾਂ॥

ਸ਼ਬਦ-ਜੰਗਲ ਵਿੱਚ ਕੱਲ-ਮਕੱਲੀ।
ਜਾਵਾਂ ਜਾ ਕੇ ਫਿਰ ਮੁੜ ਆਵਾਂ॥

ਬਿਰਖ ਉਮਰ ਦਾ ਬੋਦਾ ਹੋਇਆ।
ਕਿੱਦਾਂ ਮੈਨੂੰ ਦੇਵੇ ਛਾਵਾਂ॥

ਸਿਖਰ ਦੁਪਹਿਰੇ ਲੂਸਾਂ ਧੁੱਪ ਵਿੱਚ।
ਟੋਲਾਂ ਛਾਵਾਂ ਦਾ ਸਰਨਾਵਾਂ॥

ਕੀਤਾ ਫਤਹਿ ਪੁਲਾੜਾਂ ਤਾਈਂ।
ਨਿਜ ਅੰਤਰ ਪਰ ਘੋਰ ਖਲਾਵਾਂ॥

ਦੂਰ ਕਿਤੇ ਇੱਕ ਦੀਪ ਜੇ ਤੱਕਾਂ।
ਨੱਚਾਂ ਟੱਪਾਂ ਲੁੱਡੀਆਂ ਪਾਵਾਂ॥

# ਬਰੂਹੀਂ ਤੇਲ ਚੋ ਰੱਖਣਾ

ਬਰੂਹੀਂ ਤੇਲ ਚੋ ਰੱਖਣਾ ਬਿੜ੍ਹਕ ਪਦਚਾਪ ਤੇ ਰੱਖਣਾ।
ਅਸਾਡਾ ਨੇਮ ਦਿਲਦਾਰਾ ਲਲਕ ਬੱਸ ਆਪ ਦੀ ਰੱਖਣਾ॥

ਬਹਿਸ਼ਤਾਂ ਦੇ ਨਜ਼ਾਰੇ ਤੇ ਜਹਾਨਾਂ ਦੋਹਵਾਂ ਦੀ ਦੌਲਤ।
ਤੁਹਾਡਾ ਨਾਮ ਜਪਦੀ ਹੈ 'ਮਲਕ' ਬਸ ਜਾਪਦੀ ਰਸਨਾ॥

ਮੇਰੇ ਸਰਤਾਜ ਦਿਲਬਰੀਆਂ ਅਸੀਂ ਆਪੇ ਕਰੇਂਦੇ ਹਾਂ।
ਤੁਸਾਂ ਖਾਤਰ ਲੁਟਾਂਦੇ ਹਾਂ ਖਜ਼ਾਨਾ ਆਪ 'ਨੌਂ ਰਤਨਾਂ'॥

ਤੁਸੀਂ ਸਾਗਰ ਹੋ ਅਣਮਿਣਿਆਂ ਅਤੇ ਕਿਣਮਿਣ ਕਣੀ ਹਾਂ ਮੈਂ।
ਤੁਸਾਂ ਅੰਦਰ ਸਮਾ ਜਾਣਾ ਖੁਦੀ ਵੀ ਆਪ ਦੀ ਰਚਨਾ॥

ਨਿਰਾ ਹੀ ਨੂਰ ਹੈ ਉਲਫਤ ਹਨੇਰੇ ਦੀ ਕਜ਼ਾ ਸਾਥੀ।
ਇਸ਼ਕ ਦੇ 'ਦੀਪ' ਦਰਗਾਹੀਂ ਹਮੇਸ਼ਾ ਬਾਲ ਕੇ ਧਰਣਾ॥

✵

## ਵੱਖੀ ਪਾੜ ਹਨੇਰੇ ਦੀ

ਵੱਖੀ ਪਾੜ ਹਨੇਰੇ ਦੀ।
ਆਊ ਸੱਦ ਸਵੇਰੇ ਦੀ॥

ਨੀਂਹਾਂ ਜਾਗਣ ਲੱਗੀਆਂ ਨੇ।
ਕਰ ਲਓ ਖ਼ਬਰ ਬਨੇਰੇ ਦੀ॥

ਸਾਡੇ ਬਣਕੇ ਗੱਜਣਗੇ।
ਇਹ ਜੋ 'ਤੇਰੇ' 'ਮੇਰੇ' ਜੀ॥

ਹੌਲੀ ਲਿੱਸਾ ਨਾ ਤੂੰ ਬੋਲ।
ਮਿਹਨਤ ਬੋਲ ਪ੍ਰੇਰੇਗੀ॥

ਖੱਖੜੀਆਂ ਹੋ ਜਾਵਣਗੇ।
ਸਰਮਾਏ ਦੇ ਘੇਰੇ ਵੀ॥

ਵਿਹੜੇ ਸੂਰਜ ਨੱਚੇਗਾ।
ਸੂਹੀ ਦਿੱਖ ਬਨੇਰੇ ਦੀ॥

✵

# ਕੀ ਦਿਲ ਤੇ ਕੀ ਦਿਲਬਰੀਆਂ

ਕੀ ਦਿਲ ਤੇ ਕੀ ਦਿਲਬਰੀਆਂ ਨਾ ਜਾਣੇਂ ਤੂੰ।
ਸੋਹਣਿਆਂ ਦਿਲਾਂ ਨੂੰ ਖੇਡ ਖਿਡੌਣੇ ਜਾਣੇਂ ਤੂੰ॥

ਅਸੀਂ ਤਾਂ ਹੁਬਕੀਂ ਹੁਬਕੀਂ ਸੋਹਣਿਆਂ ਰੋਂਦੇ ਹਾਂ।
ਗਾਉਂਦੇ ਫਿਰਦੇ ਨਹੀਓਂ ਜਾਣੀ ਗਾਣੇ ਤੂੰ॥

ਰਾਂਝਾ ਬਣਿਆ ਚਾਕ ਕਿਤੇ ਕਿਧਰੇ ਚੇਲਾ।
ਹੀਰੇ ਡੋਲੇ ਚੜ੍ਹ ਗਈਓਂ ਬਿਨ ਜਾਣੇਂ ਤੂੰ॥

ਤੇਰੇ ਭਾਣੇ ਅਸੀਂ ਜੋ ਹਾਂ ਸੋ ਰਹਿ ਲਾਂ ਗੇ।
ਹੀਰਿਆ ਸਾਡਾ ਸੱਜਣ ਸਾਡੇ ਭਾਣੇ ਤੂੰ॥

ਸੋਚਾਂ ਵਾਲੀ ਦੂਰੀ ਵਾਟ ਬਹੁ-ਲੰਮੀ।
ਅਰਸਾ ਲੱਗ ਜਾਂਦਾ ਏ ਪੰਧ ਮਿਟਾਣੇ ਨੂੰ॥

ਤਰਸ ਤਰਸ ਕੇ ਮਰ ਗਈ ਸਾਡੀ ਹਸਰਤ ਵੇ।
ਹੁਣ ਤਾਂ ਮਨ ਚਿੱਤ ਲੋਚੇ ਘਰ ਮੁੜ ਜਾਣੇ ਨੂੰ॥

ਮੇਰ ਦਿਲਬਰ ਯਾਰ ਸੁਣੀਂ ਤਾਂ ਮੇਰੀ ਤੂੰ।
ਕਦੀ ਤਾਂ ਆਵੀਂ ਆਵੀਂ ਤੂੰ ਠੁਕਰਾਣੇ ਨੂੰ॥

ਮੈਂ ਨਾ ਭੁੱਲਾਂ ਬੁਝਦੇ 'ਦੀਪ' ਜਗਾਣੇ ਨੂੰ।
ਤੂੰ ਨਾ ਭੁੱਲਾ ਜਗਦੇ 'ਦੀਪ' ਬੁਝਾਣੇ ਨੂੰ॥

✵

## ਸਾਗਰ ਸਾਗਰ

ਸਾਗਰ ਸਾਗਰ ਕਹਿੰਦਾ ਮੋਤੀ ਵਰਗਾ ਪਾਂਧੀ ਮਰਿਆ।
ਸਾਗਰ ਦੀ ਥਾਂ ਰੇਤ ਚੂਸਦਾ ਕੱਲਾ ਥਲ ਵਿੱਚ ਸੜਿਆ॥

ਕਿਹੜੇ ਜਿਹੜੇ ਕਹਿੰਦੇ 'ਕੱਲ ਨੂੰ 'ਕੱਲ ਜਾਣ ਕੇ 'ਕੱਲੇ।
ਭਰੇ ਭਰਾਏ ਜੱਗ ਮੇਲੇ ਵਿੱਚ ਮੈਂ ਤਾਂ ਕਦੇ ਨਾ ਡਰਿਆ॥

ਤੇਰੀ ਯਾਦ ਨਾ ਵਿਸਰੇ ਨਿਸਰੇ ਜਦ ਕਦ ਦਿਲ 'ਚੋਂ ਪੀੜਾ।
ਏਸੇ ਲਈ ਤਾਂ ਦਿਲ ਦੇ ਫੱਟ ਨੂੰ ਹੁਣ ਤੱਕ ਰੱਖਿਆ ਹਰਿਆ॥

ਏਸ ਸੜਕ ਤੇ ਮੇਰੇ ਵਾਸਤੇ ਕਦੇ ਤਾਂ ਕੋਈ ਆਊ।
ਏਹੀ ਸੋਚ ਕੇ ਨਿੱਤ ਨਿੱਤ ਦਿਲ ਦਾ 'ਦੀਪ' ਬਾਲ ਕੇ ਧਰਿਆ॥

ਬਦਲਦੇ ਮੌਸਮ ਵਾਂਗਰ ਬਦਲਣ ਲੋਕ ਵਫ਼ਾ ਦੇ ਲੀੜੇ।
ਸੁਬਹ ਲਾਲ, ਦੁਪਹਿਰੇ ਪੀਲਾ, ਸ਼ਾਮੀਂ ਪਾਵਣ ਹਰਿਆ॥

ਹੁਣ ਇਸ ਸੱਚ ਨੂੰ ਚਿੱਤ ਕਰਦਾ ਏ ਮੰਨ ਹੀ ਜਾਵਾਂ ਮੈਂ ਵੀ।
ਦਿਲ ਦਾ ਖਾਲੀ ਕਾਸਾ ਕਿਸਮਤ ਬਾਝੋਂ ਕਦੇ ਨਾ ਭਰਿਆ॥

ਇਸ਼ਕ ਦੇ ਰਾਹੇ ਮਰਨੇ ਵਾਲਾ, ਹੋਇਆ ਅਮਰ ਜੇ ਮਰ ਕੇ।
ਇਸ਼ਕ ਦੇ ਰਾਹੋਂ ਜਾਨ ਬਚਾਕੇ, ਨਾ ਮਰਿਆ ਵੀ ਮਰਿਆ॥

ਇਸ਼ਕ ਝਨਾਂ ਵਿੱਚ ਡੁੱਬਿਆ ਜਿਹੜਾ, ਕੁੱਲ ਆਲਮ ਤੇ ਛਾਇਆ।
ਕੁੱਲ ਆਲਮ ਨੇ ਗੀਤ ਸੁਣਾਏ, ਇਸ਼ਕ ਝਨਾਂ ਜੋ ਤਰਿਆ॥

ਆਪਣੀ ਕੱਲ ਦੀ ਕੱਲ ਤੋਂ ਭੱਜਕੇ ਫਿਰਦਾ ਫਿਰਦਾ ਅੱਜ ਫਿਰ
ਯਾਦ ਸਲੋਨੀ ਦੀ ਸੰਗ ਲੈ ਕੇ ਓਹਦੇ ਹੀ ਘਰ ਵੜਿਆ।

ਓਹ ਆਏ ਓਹ ਬੈਠੇ ਓਹਨਾਂ ਪੁੱਛਿਆ ਹਾਲ ਸੀ ਮੇਰਾ।
ਮੈਂ ਓਹਨਾਂ ਨੂੰ ਦਿਲ ਦੀ ਆਂਹਦਾ, ਇਹ ਮੈਥੋਂ ਨਾ ਸਰਿਆ।

ਓਹਨਾਂ ਦੀ ਹਰ ਖੁਸ਼ੀ ਮੇਰੇ ਲਈ ਆਪਣੀ ਖੁਸ਼ੀ ਤੋਂ ਵੱਧ ਸੀ।
ਏਸੇ ਲਈ ਤਾਂ ਮੈਂ ਸੁੱਕ ਚੱਲਿਆ ਮੀਤ ਮੇਰਾ ਹੈ ਹਰਿਆ।

## ਉਮਰ ਗੁਜਰੀ

ਉਮਰ ਗੁਜ਼ਰੀ ਮੇਰੀ ਯਾਰੋ ਗ਼ਜ਼ਲ ਨੂੰ ਟੋਲ਼ਦਾ ਫਿਰਦਾਂ।
ਸ਼ਬਦ ਜੰਗਲ, ਦਿਨੇ ਰਾਤੀਂ ਹਰ ਵਕਤ ਫੋਲਦਾ ਫਿਰਦਾਂ॥

ਝਲਕ ਵੇਖੀ ਕਿਸੇ ਦਿਨ ਸੀ ਗ਼ਜ਼ਲ ਦੀ ਕੋਲ ਜਾਪੀ ਸੀ।
ਪਲਕ ਦੇ ਫੋਰ ਵਿੱਚ ਹੋਈ ਛੁਪਣ ਹੁਣ ਟੋਲਦਾ ਫਿਰਦਾਂ॥

ਇਹ ਦੁਨੀਆਂ ਦੇ ਬਸ਼ਿੰਦੇ ਤੇ ਇਹ ਦੁਨੀਆਂ ਸਭ ਮਤਲਬੀ ਏ।
ਮੈਂ ਆਪਣੇ ਨੈਣਾਂ ਦੇ ਮੋਤੀ ਧਿੰਙਾਣੇ ਰੋਲਦਾ ਫਿਰਦਾਂ॥

ਦੁਪਹਿਰਾਂ ਤਿੱਖੀਆਂ ਹੋਈਆਂ ਤੇ ਛਾਂਵਾਂ ਨਿੱਕੀਆਂ ਲੋਕੋ।
ਲੁਕਾਵਣ ਨੂੰ ਮੈਂ ਸਿਰ ਆਪਣਾ ਟਿਕਾਣੇ ਟੋਲ਼ਦਾ ਫਿਰਦਾਂ॥

ਗ਼ਜ਼ਲ ਦੀ ਜ਼ੁਲ਼ਫਾਂ ਦੇ ਛਾਂਵੇਂ ਗ਼ਜ਼ਲ ਦੀ ਗੋਦ ਵਿੱਚ ਸੌਣਾ।
ਮੈਂ ਏਸੇ ਆਸ ਦੇ ਅੰਦਰ ਦੀਪ ਬਣ ਮੌਲਦਾ ਫਿਰਦਾਂ॥

*

# ਪੀੜ ਪ੍ਰਾਹੁਣੀ

ਪੀੜ ਪ੍ਰਾਹੁਣੀ ਬਣ ਕੇ ਆਈ।
ਮੇਰੇ ਦਿਲ ਤੇ ਧਾਕ ਜਮਾਈ।

ਜੀਕਰ ਘਰਵਾਲੀ ਬਣ ਬੈਠੇ।
ਸੀ ਜੋ ਅੱਗ ਲੈਣ ਨੂੰ ਆਈ।

ਕੋਈ ਮੱਤ ਦੇ ਦੇਵੇ ਦਿਲ ਨੂੰ।
ਵੇਖੇ ਸੁਫਨੇ ਦਿਨੇ ਸ਼ਦਾਈ।

ਹੁਣ ਸਭ ਰਲ ਮਿਲ ਕਰੋ ਦੁਆਵਾਂ।
ਕੰਮ ਨਾ ਆਵੇ ਕੋਈ ਦੁਆਈ।

ਸੋਚ ਦੇ ਅੰਬਰੀਂ ਉੱਡਦੇ ਦਿਲ ਨੂੰ।
ਖਵਰੇ ਕੀਹਨੇ ਫਾਹੀ ਪਾਈ।

ਖੁੱਲ੍ਹੇ ਨੈਣਾਂ ਦੇ ਸੁਪਨੇ ਹੀ।
ਨੈਣੋਂ ਉੱਕਾ ਨੀਂਦ ਉਡਾਈ।

ਜਿਹੜਾ ਰਾਹ ਪਰੀਤ ਦੇ ਤੁਰਿਆ।
ਖਲਕਤ ਓਹਨੇ ਵੈਰ ਪੁਆਈ।

ਉਹ ਵੀ ਰੱਬ ਦਾ ਰੱਬ ਹੀ ਹੋਣੈ।
ਜੀਹਨੇ ਪਰੀਤ ਦੀ ਰੀਤ ਚਲਾਈ।

ਸੋਚ ਦੀ ਸੋਚ ਵੀ ਸੋਚਾਂ ਸੋਚੇ।
'ਦੀਪ' ਦੀ ਲੋਅ ਐਵੇਂ ਰੁਸ਼ਨਾਈ।

✱

## ਤੇਰੇ ਲਬ ਜੋ ਪਿਆਸੇ ਨੇ

ਤੇਰੇ ਲਬ ਜੋ ਪਿਆਸੇ ਨੇ, ਇਨ੍ਹਾਂ ਦੀ ਪਿਆਸ ਹੀ ਦੇ ਦੇ।
ਨਾ ਦੇ ਤੂੰ ਰਾਜ ਮੈਨੂੰ ਦੋਸਤਾ, ਬਨਵਾਸ ਹੀ ਦੇ ਦੇ।

ਕਦੇ ਸੂਲਾਂ ਦੇ ਸੰਗ ਮੇਰੀ ਭਰੇਂਗਾ ਦੋਸਤਾ ਝੋਲੀ।
ਆ ਮੈਨੂੰ 'ਜੀਣ-ਜੋਗੇ ਦੋਸਤਾ' ਧਰਵਾਸ ਹੀ ਦੇ ਦੇ।

ਕਤਰ ਦੇ ਪਰ, ਮੇਰੇ ਪਰ ਯਾਰ ਮੇਰੀ ਏਨੀ ਮੰਨ ਲੈ ਤੂੰ।
ਫਿਕਰ ਦੇ ਸਿਆਹ ਕਾਲੇ ਅੰਬਰੀਂ, ਪਰਵਾਜ਼ ਹੀ ਦੇ ਦੇ।

ਵਹਿਮ ਹੀ ਵਹਿਮ ਕਹਿੰਦੇ ਨੇ ਮੁਹੱਬਤ ਨੂੰ ਇਹ ਲੋਕੀਂ ਪਰ।
ਤੂੰ ਮੈਨੂੰ ਇਸ ਵਹਿਮ ਦੀ ਦੋਸਤਾ ਸੁਣ ਲਾਸ਼ ਹੀ ਦੇ ਦੇ।

ਜਗਾ ਕੇ ਦੀਪ ਮੈਂ ਜਿਸਦੀ ਮੜ੍ਹੀ ਨੂੰ ਨਿੱਤ ਕਰਾਂ ਸਜਦੇ।
ਤੂੰ ਆਪਣੇ ਹੋਰ ਬੀਤੇ ਸਭ ਪਲਾਂ ਦੀ ਰਾਖ ਹੀ ਦੇ ਦੇ।

## ਮੇਰੇ ਸੁਆਸਾਂ ਦੀ ਹਰ ਤਾਰ ਤੇ

ਮੇਰੇ ਸੁਆਸਾਂ ਦੀ ਹਰ ਤਾਰ ਤੇ ਤੇਰਾ ਦੋਸਤਾ ਅਧਿਕਾਰ ਹੈ।
ਹੁਣ ਕਿਸ ਤਰ੍ਹਾਂ ਸੱਜਣਾਂ ਕਵ੍ਹਾਂ ਤੇਰੇ ਨਾਲ ਕਿਤਨਾ ਕੁ ਪਿਆਰ ਹੈ॥

ਮੇਰੀ ਹਰ ਗ਼ਜ਼ਲ ਤੇਰੇ ਵਾਸਤੇ ਮੇਰੀ ਹਰ ਨਜ਼ਮ ਤੇਰੇ ਵਾਸਤੇ।
ਤੂੰ ਹੈ ਰੰਗ ਖੁਸ਼ਬੂ ਤੇ ਤਾਜ਼ਗੀ ਤੇਰੇ ਨਾਲ ਮੇਰੀ ਬਹਾਰ ਹੈ॥

ਹਰ ਮੋੜ ਤੇ ਹਨ ਮਹਿਫਿਲਾਂ ਹਰ ਬਾਗ ਜਸ਼ਨ ਬਹਾਰ ਹੈ।
ਤੇਰਾ ਸਾਥ ਹੀ ਮੇਰੀ ਜ਼ਿੰਦਗੀ ਕੁਝ ਹੋਰ ਨਾ ਦਰਕਾਰ ਹੈ॥

ਮੇਰੀ ਅਣਕਹੀ ਤੇਰੀ ਅਣਸੁਣੀ ਨੇ ਹੀ ਜਨਮਿਆ ਹੈ ਇਹ ਦੋਸਤਾ।
ਇਹ ਤੇਰੇ ਦਿਲ 'ਚ ਜੋ ਸਾੜ ਹੈ ਇਹ ਮੇਰੇ ਦਿਲ 'ਚ ਜੋ ਪਿਆਰ ਹੈ॥

ਤੇਰੀ ਗ਼ਜ਼ਲ ਵਰਗੀ ਮੁਸਕਣੀ ਅਤੇ ਗੀਤ ਵਰਗੀ ਵੇਖਣੀ।
ਅਤੇ ਨਜ਼ਮ ਵਰਗਾ ਤੇਰਾ ਬਦਨ ਤੇਰਾ ਫੁੱਲ ਜਿਤਨਾ ਕੁ ਭਾਰ ਹੈ॥

ਚਾਹਤ ਦੀ ਸੀਮਾ ਤੋਂ ਪਰੇ ਜਿਸ ਦੁਆਰ ਤੇ ਸੁਫਨੇ ਜੜੇ।
ਜਿਸ ਦਰ ਤੇ ਬਣ ਕੇ ਜਗਾਂ ਮੈਂ ਦੀਪ ਤੇਰਾ ਦੁਆਰ ਹੀ ਉਹ ਦੁਆਰ ਹੈ॥

✵

# ਸ਼ੂਕਦੇ ਦਰਿਆ ਕਦੇ ਸੀ

ਸ਼ੂਕਦੇ ਦਰਿਆ, ਕਦੇ ਜੀ ਰੇਤ ਦੇ ਸਾਗਰ ਮਿਲੇ।
ਮੈਂ ਰਿਹਾ ਭਟਕਣ ਦਾ ਸਾਥੀ, ਨਾ ਕਿਤੇ ਮੰਜ਼ਿਲ ਮਿਲੇ॥

ਰਾਤ ਨੂੰ ਭਾਲੇ ਸਵੇਰਾ, ਭੋਰ ਭਾਲੇ ਰਾਤ ਨੂੰ।
ਇਸ ਤਰ੍ਹਾਂ ਮੈਂ ਭਾਲਦਾ ਹਾਂ ਕੋਈ ਤਾਂ ਦਿਲਬਰ ਮਿਲੇ॥

ਮੈਂ ਜਗਾਈ ਅਲਖ ਦਰ ਦਰ ਹੱਥ ਸੀ ਕਚਕੌਲ ਲੈ।
ਇੱਕ ਮੁੱਠੀ ਚਾਨਣੀ ਖੈਰਾਤ ਨਾ ਐਪਰ ਮਿਲੇ॥

ਮੈਂ ਬਣਾਵਾਂ ਤੇ ਮਿਟਾਵਾਂ ਕੈਨਵਸ ਦਿਲ ਦਾ ਬਣਾ।
ਕੋਈ ਮੂਰਤ ਤੇਰੀ ਸੂਰਤ ਨਾਲ ਨਾ ਦਿਲਬਰ ਮਿਲੇ॥

ਸਰਗਮੀਂ ਇੱਕ ਗੀਤ ਵਰਗੀ ਸੀ ਅਸਾਡੀ ਜ਼ਿੰਦਗੀ।
ਸੁਰ ਗੁੰਮੀ ਜਦ ਜ਼ਿੰਦਗੀ ਦੀ ਬਾਤ ਨਾ ਹੁਣ ਪਰ ਮਿਲੇ॥

✵

# ਦਿਲਾਂ ਤੇ ਦਾਗ਼

ਦਿਲਾਂ ਤੇ ਦਾਗ਼ ਲਾ ਦੇਣਾ, ਕਿਸੇ ਲਈ ਖੇਡ ਹੋਵੇਗੀ।
ਹਰਿਕ ਸੁਫਨਾ ਭੁਲਾ ਦੇਣਾ, ਕਿਸੇ ਲਈ ਖੇਡ ਹੋਵੇਗੀ॥

ਦੁਪਹਿਰਾਂ ਸੜਦੀਆਂ ਨੂੰ ਮੈਂ ਭੁਲਾਵਾਂ ਕਿਸ ਤਰ੍ਹਾਂ ਦੱਸੀਂ।
ਪੁਰਾਣੇ ਦਿਨ ਭੁਲਾ ਦੇਣਾ, ਕਿਸੇ ਲਈ ਖੇਡ ਹੋਵੇਗੀ॥

ਕਿਨਾਰੇ ਦੀ ਸਾਂ ਮੈਂ ਰੇਤਾ, ਤੇ ਉਹ ਸਾਗਰ ਦੀ ਛੱਲ ਸ਼ਾਇਦ।
ਭਿਉਂ ਕੇ ਫਿਰ ਸੁਕਾ ਦੇਣਾ, ਕਿਸੇ ਲਈ ਖੇਡ ਹੋਵੇਗੀ॥

ਕੋਈ ਬਿਰਖਾਂ ਬਹਾਨੇ ਵੀ ਦਿਲਾਂ ਦਾ ਹਾਲ ਕਹਿ ਜਾਂਦਾ।
ਅਤੇ ਗੁਲਸ਼ਨ ਮਿਟਾ ਦੇਣਾ, ਕਿਸੇ ਲਈ ਖੇਡ ਹੋਵੇਗੀ॥

ਜੋ ਰਾਤੀਂ 'ਦੀਪ' ਜਗਦੇ ਨੇ ਉਹ ਜੁਗਨੂੰ ਚੰਨ ਜਾਂ ਤਾਰੇ।
ਹਰ ਇੱਕ ਨੂੰ ਬੇਵਫਾ ਕਹਿਣਾ ਕਿਸੇ ਲਈ ਖੇਡ ਹੋਵੇਗੀ॥

✵

## ਪਤੰਗੇ ਦੀ ਅਤੇ ਮੇਰੀ ਬਣੀ ਸੀ

ਪਤੰਗੇ ਦੀ ਅਤੇ ਮੇਰੀ ਬਣੀ ਸੀ।
ਅਸੀਂ ਦੋਵੇਂ ਹੀ ਸ਼ਮ੍ਹਾਂ ਦੇ ਰਿਣੀ ਸੀ॥

ਜਦੋਂ ਸ਼ਮ੍ਹਾਂ ਨੇ ਸਾਨੂੰ ਫੂਕਿਆ ਸੀ।
ਉਦਾਲੇ ਧੁੱਪ ਸੀ ਰੁੱਤ ਚਾਨਣੀ ਸੀ॥

ਪਿਘਲ ਕੇ ਬੇੜੀਆਂ ਦੇ ਹਾਰ ਬੋਲੇ।
ਅਸਾਡੀ ਬੇਸੁਰੀ ਬੱਸ ਰਾਗਣੀ ਸੀ॥

ਉਦਾਲੇ ਵਲ ਲਏ ਜਦ ਹਾਸ਼ੀਏ ਮੈਂ।
ਵਿਚਾਰਾਂ ਦੀ ਮਿਲੀ ਤਦ ਨਾਜ਼ਨੀਂ ਸੀ॥

ਮਿਲੇ ਅੱਜ ਮੈਅ-ਕਦੇ ਦੇ ਵਿੱਚ ਓਹੀ ਸਨ।
ਕਦੇ ਜਿਸ ਸ਼ੇਖ ਦੀ, ਮੇਰੀ ਠਣੀ ਸੀ॥

ਮੇਰੇ ਮਰ ਜਾਣ ਦੇ ਨਿਰਣੇ ਨੂੰ ਤੱਕਿਆ।
ਗਈ ਝੁਕ ਤੇਗ, ਜੋ ਸਿਰ ਤੇ ਤਣੀ ਸੀ॥

ਅਨੇਕਾਂ 'ਦੀਪ' ਆਸਾਂ ਦੇ ਜਗਾਏ।
ਓਦੋਂ ਜਦ ਰਾਤ ਜ਼ਹਿਰੀ ਨਾਗਣੀ ਸੀ॥

✵

# ਤੇਰਾ ਖਿਆਲ ਆਇਆ

ਤੇਰਾ ਖਿਆਲ ਆਇਆ ਸ਼ੀਸ਼ੇ ਨੂੰ ਵਾਲ ਆਇਆ।
ਨੈਣਾਂ 'ਚ ਬਣ ਕੇ ਅੱਥਰੂ ਗਮ ਨਾਲ-ਨਾਲ ਆਇਆ॥

ਫਿਰ ਪੱਛੇ ਜ਼ਖਮੀ ਜਜ਼ਬੇ ਕਬਰਾਂ 'ਚੋਂ ਨਿਕਲ ਆਏ।
ਕਿਤੇ ਮੋਏ ਮੁੱਕੇ ਜਜ਼ਬਿਆਂ 'ਚ ਫਿਰ ਭੁਚਾਲ ਆਇਆ॥

ਮਹਿਕਾਂ ਪਰੁੱਚੇ ਨਗਮਿਆਂ ਜਦ ਹੋਂਠ ਤੇਰੇ ਛੋਹੇ।
ਚੇਤੇ ਹੈ ਮੈਨੂੰ ਅੱਜ ਵੀ ਸੁਰ ਵਿੱਚ ਉਬਾਲ ਆਇਆ॥

ਤੇਰੀ ਦੀਦ ਦੇ ਪਿਆਸੇ, ਦੀਦੇ ਨੇ ਤੱਕਦੇ ਰਹਿੰਦੇ।
ਕੱਜਲ ਉਡੀਕ ਵਾਲਾ ਮੈਂ ਪਿਆਰ ਨਾਲ ਪਾਇਆ॥

ਮੇਰੇ ਮੋਹ ਬਰੋਟੇ ਬਾਬੁਲ, ਐ ਮਾਲੀ ਸਾਡੇ ਘਰ ਦੇ।
ਤੇਰੇ ਬਾਅਦ ਬੱਸ ਹੈ ਸੋਕਾ ਹੀ ਸਾਲੋ ਸਾਲ ਆਇਆ॥

ਤੱਕ ਘਰ ਤੇਰੇ ਦਾ ਜਗਦਾ ਉਹ 'ਦੀਪ' ਟਿਮਟਿਮਾਵੇ।
ਜਿਸ 'ਦੀਪ' ਦਾ ਸੀ ਉਸ ਦਿਨ, ਉਹ ਕਾਲਾ ਕਾਲ ਆਇਆ॥

## ਇਕਲਾਪੇ ਨੂੰ

ਇਕਲਾਪੇ ਨੂੰ ਭੀੜਾਂ ਅੰਦਰ ਕੀਕਣ ਯਾਰ ਹੰਢਾਵਾਂ।
ਦਿਲ ਦਾ ਵਿਹੜਾ ਸੁੰਨਾ-ਸੱਖਣਾ, ਕੀਕਣ ਮੈਂ ਭਰ ਜਾਵਾਂ॥

ਆਲ-ਦੁਆਲੇ ਤੱਕਾਂ ਮੈਂ ਤਾਂ ਲੈ ਲੈ ਖਾਲੀ ਦੀਦੇ।
ਦੀਦ ਮਿਲੇ ਨਾ ਦਿਲਬਰ ਦੀ, ਮੈਂ ਤਾਂ ਅੱਡੀਆਂ ਵੀ ਚਾਂਵਾਂ॥

ਮੇਰੀ ਭਟਕਣ ਭਟਕਣ ਦਾ ਮੈਂ ਯੁੱਗ ਯੁੱਗ ਤੋਂ ਹਾਂ ਆੜੀ।
ਇਸ ਭਟਕਣ ਨੇ ਸਾਥ ਨਿਭਾਇਆ ਮੈਂ ਵੀ ਸਾਥ ਨਿਭਾਵਾਂ॥

ਉਮਰਾਂ ਹੋਈਆਂ ਸੋਚ ਨੇ ਅੰਬਰੀਂ, ਆਪਣੇ ਬੰਨ ਉਡਾਇਆ।
ਕੰਨੀ ਬਾਝੋਂ ਸੋਚ-ਅੰਬਰ ਵਿੱਚ, ਹਰ ਪਲ ਝੱਪੇ ਖਾਵਾਂ॥

ਹੁਣ ਤਾਂ ਰੱਬਾ ਚੁੱਕ ਅਸਾਨੂੰ ਨਾਲ ਗਮਾਂ ਦੇ ਅੜਿਆ।
ਭਿੜਦਿਆਂ ਭਿੜਦਿਆਂ ਡਰਦਾ ਮੈਂ ਤਾਂ ਕੰਨਾ ਨੂੰ ਹੱਥ ਲਾਵਾਂ॥

✷

# ਪੌਣ ਬਣ ਕੇ

ਪੌਣ ਬਣ ਕੇ ਮੈਂ ਫਿਰਾਂ ਸਰਨਾਵਾਂ ਤੇਰਾ ਟੋਲ਼ਦਾ।
ਰਾਤ ਦੇ ਵੇਲੇ ਫਿਰਾਂ ਪਰਛਾਵਾਂ ਤੇਰਾ ਟੋਲ਼ਦਾ॥

ਤੂੰ ਜਿਸਮ ਤੋਂ ਰੂਹ ਬਣੇ ਤੇ ਰੂਹ ਨੂੰ ਆ ਕੇ ਛੂਹ ਲਵੇਂ।
ਮੇਰਾ ਮਨ ਤਾਂ ਬੂਟੜਾ ਘਣਛਾਵਾਂ ਤੇਰਾ ਟੋਲਦਾ॥

ਆਪ ਦੇ ਵਾਂਗਰ ਸੁਹੱਪਣ ਜਿਸਨੂੰ ਹੈ ਲੱਭ ਜਾਂਵਦਾ।
ਸੋਚਦਾ ਉਹ ਹਰ ਘੜੀ ਬਣ ਜਾਵਾਂ ਚਿਹਰਾ ਬੋਲਦਾ॥

ਆਪ ਜੀ ਦੀ ਜੇ ਮਹੁੱਬਤ ਹੋ ਜਾਵੇ ਮੈਨੂੰ ਨਸੀਬ।
ਤਾਣਕੇ ਹਿੱਕ ਮੈਂ ਤਾਂ ਫਿਰ ਖੜ੍ਹ ਜਾਵਾਂ! ਕਿਹੜਾ ਬੋਲਦਾ॥

'ਦੀਪ' ਬਣ ਕੇ ਜਗਣ ਦਾ ਅਰਮਾਨ ਪੂਰਾ ਕਰ ਲਵਾਂ।
ਹੋਰ ਕੁਝ ਨਾ ਦਾਤਿਆ ਮੈਂ ਜ਼ਿੰਦਗੀ 'ਚ ਟੋਲ਼ਦਾ॥

## ਢਲਦਾ ਢਲਦਾ

ਢਲਦਾ ਢਲਦਾ ਢਲ ਜਾਵਾਂਗਾ।
ਸੂਰਜ ਬਣ ਫਿਰ ਕੱਲ੍ਹ ਆਵਾਂਗਾ॥

ਜੰਮਣਾ ਮਰਨਾ ਏਦਾਂ ਹੀ ਹੈ।
ਏਸ ਜਗਤ ਨੂੰ ਸਮਝਾਵਾਂਗਾ॥

ਵਾਂਗ ਮੁਸਾਫਰ ਚਾਨਣ ਦੀ ਪੰਡ।
ਲੈ ਜਾਵਾਂਗਾ ਲੈ ਆਵਾਂਗਾ॥

ਰੋਸ਼ਨ ਆਲ-ਦੁਆਲਾ ਹੋ ਜਾਊ।
ਜਿਸ ਪਲ ਵੀ ਮੈਂ ਮੁੜ ਆਵਾਂਗਾ॥

ਛੱਟ ਫ਼ਿਕਰ ਦੀ ਛੰਡ ਧਰਾਂਗਾ।
ਛੱਟਾ ਚਾਨਣ ਦੇ ਜਾਵਾਂਗਾ॥

ਨ੍ਹੇਰ ਫਿਕਰ ਨੂੰ ਦੂਰ ਕਰਨ ਲਈ।
ਨਿੱਕੜਾ 'ਦੀਪ' ਜਗਾ ਜਾਵਾਂਗਾ॥

✵

## ਅੱਖੀਆਂ ਛਹਿਬਰ ਲਾਈ

ਅੱਖੀਆਂ ਛਹਿਬਰ ਲਾਈ ਵੇਖ।
ਯਾਦ ਤੇਰੀ ਇੰਞ ਆਈ ਵੇਖ॥

ਮੇਰੇ ਸੁਫ਼ਨੇ ਮੋੜਦੇ ਮੈਨੂੰ।
ਕਰ ਲੈ ਮੋੜ-ਮੁੜਾਈ ਵੇਖ॥

ਵੇਖ ਅਕਾਸ਼ੀਂ ਲਿਸ਼ਕੇ ਬਿਜਲੀ।
ਮੇਰੀ ਕੁੱਲੀ ਢਾਈ ਵੇਖ॥

ਆਪਣੀ ਆਪਣੀ ਆਦਤ ਇਹ ਤਾਂ।
ਆਪਣੀ ਬੇ-ਵਫ਼ਾਈ ਵੇਖ॥

ਵਾਅਦੇ ਕਰਕੇ ਮੁੱਕਰਨ ਵਾਲਿਆ।
ਆਪਣੀ ਬੇ-ਹਯਾਈ ਵੇਖ॥

ਵਿੱਚ ਹਨੇਰੇ ਛਿਪਣ ਹੋ ਗਿਆ।
ਬਣਿਆ ਸੀ ਪਰਛਾਈ ਵੇਖ॥

ਵੇਖ ਵਫ਼ਾ ਦਾ 'ਦੀਪ' ਇਹ ਬਲਦਾ।
ਆਪਾਂ ਰੱਖ ਵਿਖਾਈ ਵੇਖ।

## ਰੋਗ ਹਿਜ਼ਰ

ਰੋਗ ਹਿਜ਼ਰ ਦਾ ਆਪੇ ਲੱਗੇ ਇਸ ਨੂੰ ਯਾਰ ਲਗਾਵੇ ਕੌਣ।
ਕਿਸ ਨੂੰ ਯਾਰਾ ਏਨੀ ਫੁਰਸਤ ਇਸ਼ਕ ਪੁਆੜੇ ਪਾਵੇ ਕੌਣ।

ਆਪਣੀ ਆਈ ਸਾਰੇ ਮਰਦੇ, ਮੌਤ ਕਿਸੇ ਦੀ ਬਾਂਦੀ ਨਈਂ।
ਕਿਸੇ ਲਈ ਨਾ ਕੋਈ ਮਰਦਾ, ਜ਼ਹਿਰ ਕਿਸੇ ਦਾ ਖਾਵੇ ਕੌਣ।

ਜਗਤ ਤਮਾਸ਼ਾ ਹੈ ਬਹੁਰੰਗਾ ਵੇਖ-ਵੇਖ ਨਾ ਰੱਜੇ ਦਿਲ।
ਸਾਰੇ ਤਨ ਤੱਕ, ਤੱਕ ਮੁੜ ਜਾਂਦੇ, ਕਿਸੇ ਦੇ ਮਨ ਨੂੰ ਭਾਵੇ ਕੌਣ।

ਚੰਦ ਹੋਵੇ, ਜੁਗਨੂੰ ਜਾਂ ਦੀਵਾ ਜਾਂ ਫ਼ਿਰ ਤਾਰਾ ਰਾਤ ਦਾ ਕੋਈ।
ਕੋਈ ਉਧਾਰੀ ਕਿਰਨ ਨਾ ਦੇਵੇ ਲੇਖਾਂ ਨੂੰ ਰੁਸ਼ਨਾਵੇ ਕੌਣ।

ਜਦਕਿ ਆਪਣਾ ਆਪਾ ਵੀ ਆਪੇ ਦਾ ਵੈਰੀ ਹੋ ਜਾਵੇ।
ਦੁਸ਼ਮਣ ਦਾ ਹੁਣ ਅੰਤ ਹੈ ਨੇੜੇ ਆਪੇ ਨੂੰ ਸਮਝਾਵੇ ਕੌਣ।

# ਮੁਹੱਬਤ ਕਰਾਂਗੇ ਅਸੀਂ ਵੀ ਕਦੇ

ਮੁਹੱਬਤ ਕਰਾਂਗੇ ਅਸੀਂ ਵੀ ਕਦੇ ਤਾਂ।
ਕਦੇ ਤਾਂ ਕੋਈ ਸਾਨੂੰ ਆਪਣਾ ਕਹੇਗਾ॥

ਕਦੇ ਤਾਂ ਕੋਈ ਸਾਡੇ ਸੁਫ਼ਨੇ 'ਚੋਂ ਆ ਕੇ।
ਮੈਂ ਜੀਵਨ ਤੁਹਾਡਾ ਹਾਂ ਐਸਾ ਕਹੇਗਾ॥

ਮੈਂ ਸੁਫ਼ਨੇ ਦੀ ਜੂਨੇ ਪਿਆ ਸੋਚਦਾ ਹਾਂ।
ਮੇਰੀ ਜੂਨ ਸੁਧਰੇਗੀ ਇੱਕ ਦਿਨ ਜ਼ਰੂਰੀ॥

ਜਦੋਂ ਰਾਮ ਦੇ ਚਰਣ ਛੋਹਣਗੇ ਮੈਨੂੰ।
ਜਦੋਂ ਰਾਮ 'ਪੱਥਰ' 'ਅਹੱਲਿਆ' ਕਰੇਗਾ॥

ਕਦੇ ਸੋਚ ਅੰਬਰ 'ਚ ਲਾਵਾਂ ਉਡਾਰੀ।
ਕਿ ਏਦਾਂ ਹੋਵੇਗਾ ਕਿ ਓਦਾਂ ਹੋਵੇਗਾ॥

ਇਵੇਂ ਮੇਰੇ ਸੁਫਨੇ 'ਚ ਤਰਦਾ ਤੇ ਤੁਰਦਾ।
ਕੋਈ ਹੰਸ ਤਲੀਆਂ ਤੇ ਮੋਤੀ ਚੁਗੇਗਾ॥

ਹੋਈ ਸ਼ਾਮ ਜੀਵਨ ਦੀ ਆਏ ਨਾ ਕਾਹਨਾਂ।
ਤੇਰੇ ਬਾਝ ਜੀਵਨ ਨਹੀਂ ਕੋਈ ਜੀਵਨ॥

ਮੈਂ ਕੁਬਜ਼ਾ ਨਿਤਾਣੀ ਦੇ ਸੰਬਲ ਓ ਮੋਹਨ।
ਕਦੋਂ ਕਰਕੇ ਮੁਰਲੀ ਤੂੰ ਬੁੱਲ੍ਹੀਂ ਧਰੇਂਗਾ॥

ਜਦੋਂ ਤੀਕ ਨੈਣਾਂ 'ਚ ਪਾਣੀ ਏ ਬਾਕੀ।
ਜਦੋਂ ਤੀਕ ਦਿਲ ਇਹ ਧੜਕਦਾ ਏ ਸਾਥੀ॥

ਇਹ ਗਿੜ ਗਿੜ ਕੇ ਭਰਦਾ ਤੇ ਭਰ ਭਰ ਕੇ ਰੁੜ੍ਹਦਾ।
ਹਲਟ ਅਖੜੀਆਂ ਦਾ ਤਾਂ ਗਿੜਦਾ ਰਹੇਗਾ॥

# ਕਦੇ ਰੋਸੇ ਕਦੇ ਝਗੜੇ

ਕਦੇ ਰੋਸੇ, ਕਦੇ ਝਗੜੇ, ਕਦੇ ਮਿਲਣਾ ਕਦੇ ਹੱਸਣਾ।
ਕਦੇ ਗਲ ਲਾ ਕੇ ਚੁੱਪ ਰਹਿਣਾ, ਕਦੇ ਨੈਣੋਂ ਹੀ ਕੁੱਝ ਦੱਸਣਾ॥

ਕਦੇ ਤੱਕਣਾ, ਕਦੇ ਝਕਣਾ, ਕਦੇ ਕਹਿਣਾ, ਕਦੇ ਸੁਣਨਾ।
ਕਦੇ ਟੱਪਣਾ, ਕਦੇ ਨੱਚਣਾ, ਕਦੇ ਰੋਣਾ, ਕਦੇ ਹੱਸਣਾ॥

ਕਦੇ ਥਲ ਵਾਂਗ ਵਿਛ ਜਾਣਾ ਕਦੇ ਜਲ ਵਾਂਗ ਹੜ੍ਹ ਜਾਣਾ।
ਕਦੇ ਮੱਚਣਾ, ਕਦੇ ਵਗਣਾ, ਕਦੇ ਉੱਠਣਾ, ਕਦੇ ਵੱਸਣਾ॥

ਕਦੇ ਕਹਿਣਾ, ਕਦੇ ਕਰਨਾ, ਕਦੇ ਚੁੱਪ ਚਾਪ ਹੋ ਰਹਿਣਾ।
ਕਦੇ ਮੰਗਣਾ, ਕਦੇ ਦੇਣਾ, ਕਦੇ ਪੁੱਛਣੋਂ ਬਿਨਾਂ ਦੱਸਣਾ॥

ਬੜਾ ਅਦਭੁਤ ਹੈ ਦਿਲ ਮੇਰਾ ਕਿਸੇ ਨੂੰ ਹੈ ਖ਼ਬਰ ਨਾਂਹੀ।
ਇਸੇ ਆਖੇ ਉਮਰ ਮੇਰੀ ਨੇ ਮੈਨੂੰ ਆਹਰ ਲਾ ਰੱਖਣਾ॥

# ਸੈ ਯੁੱਗਾਂ ਤੋਂ

ਸੈ ਯੁਗਾਂ ਤੋਂ ਮੈਂ ਤਿਹਾਇਆ ਮਾਲਕਾ।
ਕੌਲ ਜੀਵਨ ਦਾ ਪੁਗਾਇਆ ਮਾਲਕਾਂ॥

ਤੇਹ ਮੇਰੀ ਚੰਦਰੀ ਇਹ ਪਿਆਰ ਦੀ।
ਪਰ ਕਿਸੇ ਨਾ ਜਲ ਪਿਆਇਆ ਮਾਲਕਾ॥

ਮਰਨ ਦੀ ਮੈਂ ਬਾਤ ਨਹੀਂਓਂ ਪਾਵਣੀ।
ਯਾਰ ਲੇਖੀਂ ਨਾ ਲਿਖਾਇਆ ਮਾਲਕਾ॥

ਰੜਕਦਾ ਦਿਨ ਰਾਤ ਨੈਣੀਂ ਓਹੀ ਹੈ।
ਵਾਂਗ ਸੁਫ਼ਨੇ ਜੋ ਸੀ ਆਇਆ ਮਾਲਕਾ॥

ਭਟਕਣਾ ਹੀ ਭਟਕਣਾ ਹੀ ਭਟਕਣਾ।
ਕੈਸਾ ਮੁਕੱਦਰ ਬਣਾਇਆ ਮਾਲਕਾ॥

ਮੇਲਿਆਂ ਦੇ ਭੀੜ ਦੇ ਵਿੱਚ 'ਕੱਲ ਨੂੰ।
ਜੀ ਜਿਉਂਦੇ ਮੈਂ ਹੰਢਾਇਆ ਮਾਲਕਾ।

ਰੌਸ਼ਨੀ ਹੋਈ ਨਾ ਕਿਧਰੇ ਯਾਰ ਲਈ।
ਆਪਾਂ ਤਾਂ ਆਪਾ ਜਲਾਇਆ ਮਾਲਕਾ।

ਫੁੱਲ ਨਾ, ਤਾਰੇ ਨਾ, ਦਿਲ ਨਾ, ਨਾ ਜਿਗਰ।
ਯਾਰ ਖਾਤਰ ਕੁਝ ਲੁਕਾਇਆ ਮਾਲਕਾ।

# ਹਰ ਇਕ ਰੁੱਤੇ

ਹਰ ਇਕ ਰੁੱਤੇ ਹਰ ਮੌਸਮ ਵਿੱਚ, ਮੌਸਮ ਵਰਗੇ ਮੀਤ ਮਿਲੇ।
ਚਾਹਤ ਸੀ ਗ਼ਜ਼ਲਾਂ ਦੀ ਐਪਰ, ਸੋਗੀ ਸੋਗੀ ਗੀਤ ਮਿਲੇ॥

ਨਰਮ ਰੇਸ਼ਮੀ ਜ਼ੁਲਫਾਂ ਦੀ ਛਾਂ ਹਰ ਦਿਲ ਵਾਂਗਰ ਲੋਚੀ ਸੀ।
ਪੀੜਾਂ ਦੀ ਪੰਡ ਲੈ ਕੇ ਐਪਰ, ਸਾਨੂੰ ਹੌਕੇ-ਸੀਤ ਮਿਲੇ॥

ਮੈਨੂੰ ਵਟਣੇ ਲਾ ਕੇ ਚੀਸਾਂ ਦਿਲ ਵਿੱਚ ਲੁਕ ਛੁਪ ਜਾਂਦੀਆਂ ਨੇ।
ਮੈਂ ਤਾਂ ਫੋਲਦਾ ਰਹਿੰਦਾ ਹਾਂ ਕਦ, ਕਿੱਥੇ ਨਾ ਕੋਈ ਚੀਸ ਮਿਲੇ॥

ਤੁਸੀਂ ਤਾਂ ਆਪਣੇ ਆਪ ਰੁਝੇਵੇਂ ਆਪ ਵਧਾਈ ਬੈਠੇ ਹੋ।
ਮੈਨੂੰ ਵੇਖੋ ਮੇਰੇ ਲਾਗੇ, ਜਾਂ ਸੋਚਾਂ ਜਾਂ ਟੀਸ ਮਿਲੇ॥

ਲੋਕਾਂ ਨੂੰ ਸਮਝਾਵਾਂ ਕੀ ਕਰ ਲੋਕੀਂ ਤਾਂ ਇਹ ਕਹਿੰਦੇ ਨੇ।
ਹਰ ਮਹਿਫਿਲ ਹਰ ਮੌਕੇ ਹੱਸਦਾ ਨੱਚਦਾ ਟੱਪਦਾ 'ਦੀਪ' ਮਿਲੇ॥

## ਯੁਗੜੇ ਹੋਏ ਰੁਲਦਿਆਂ

ਯੁੱਗੜੇ ਹੋਏ ਰੁਲਦਿਆਂ, ਮੈਨੂੰ ਠਾਹਰ ਮਿਲਦੀ ਨਾਂਹੀ।
ਠਾਹਰ ਟੋਲਦਾ ਅੱਖਰਾਂ ਕੋਲੋਂ ਕਾਨੀ ਚੱਲਦੀ ਤਾਂ ਹੀ॥

ਅੱਖਰ ਅੱਖਰ ਚਿਣ ਕੇ ਆਪਣਾ ਆਪਾ, ਆਪ ਲਕੋਵਾਂ।
ਅੱਖਰ ਅੱਖਰ ਅੱਖਰਣ ਲੱਗਦੇ ਚੇਤੇ ਆਉਦੀਂ ਮਾਂ ਹੀ॥

ਅੱਖਰ ਸੱਜੇ, ਅੱਖਰ ਖੱਬੇ, ਅੱਖਰ ਉੱਤੇ ਥੱਲੇ।
ਅੱਖਰ ਕੱਜਣ, ਅੱਖਰ ਖੱਫ਼ਣ, ਅੱਖਰ ਧੁੱਪ ਵੀ ਛਾਂ ਵੀ॥

ਅੱਖਰ ਰੋਸੇ, ਅੱਖਰ ਖੇੜੇ, ਅੱਖਰ ਸੁੰਞ ਤੇ ਮੇਲੇ।
ਅੱਖਰ ਅੱਥਰ, ਹੌਕੇ ਅੱਖਰ, ਅੱਖਰ ਬੁਲਬੁਲ ਕਾਂ ਵੀ॥

ਅੱਖਰ ਢੋਲ-ਢਮਾਕੇ ਅੱਖਰ, ਅੱਖਰ ਨਾਚ-ਧਮਾਲਾਂ।
ਬਿਰਹਾ, ਸ਼ਿਵ, ਅੰਮ੍ਰਿਤ ਤੇ ਸਾਹਿਰ ਅੱਖਰ ਹੀ ਚੁੱਪ-ਚਾਂ ਵੀ॥

ਨ੍ਹੇਰ ਦੇ ਬੂਥੇ ਥੱਪੜ ਅੱਖਰ, ਅੱਖਰ ਹੈਨ ਮਸ਼ਾਲਾਂ,
ਅੱਖਰ ਦੀਵੇ ਅੱਖਰ ਜੋਤੀ 'ਦੀਪ' ਅੱਖਰ ਦੇ ਨਾਂ ਜੀ।

✵

# ਤੇਰੇ ਗ਼ਮ ਅਸਾਨੂੰ

ਤੇਰੇ ਗਮ ਅਸਾਨੂੰ ਪਿਆਰੇ ਬੜੇ ਨੇ।
ਇਹਨਾਂ ਦੇ ਅਸਾਨੂੰ ਸਹਾਰੇ ਬੜੇ ਨੇ॥

ਟੁੱਟਿਐ ਸਿਤਾਰਾ ਮੇਰੇ ਦਿਲ ਦਾ ਲੇਕਿਨ।
ਅਕਾਸ਼ੀਂ ਮੈਂ ਤੱਕਦਾਂ ਸਿਤਾਰੇ ਬੜੇ ਨੇ॥

ਤੇਰੀ ਮਸਤ ਅੱਖ, ਹੈ ਨਹੀਂ ਕੋਲ ਮੇਰੇ।
ਤੇਰੀ ਯਾਦ ਦੇ ਪਰ ਨਜ਼ਾਰੇ ਬੜੇ ਨੇ॥

ਤੇਰੇ ਗਮ ਅਸਾਨੂੰ ਬੜੇ ਰਾਸ ਆਏ।
ਉਂ ਤਾਂ ਚੁਫੇਰੇ ਕਿਨਾਰੇ ਬੜੇ ਨੇ॥

ਮੇਰੇ ਤੰਗ-ਦਸਤੀ ਦੀ ਏਹੀ ਜੇ ਦੌਲਤ।
ਅਕਾਸ਼ੀਂ ਗਮਾਂ ਦੇ ਸਿਤਾਰੇ ਬੜੇ ਨੇ॥

ਨਾ ਸ਼ਿਕਵਾ ਕੋਈ ਨਾ ਕੋਈ ਸ਼ਿਕਾਇਤ।
ਮੈਂ ਚਾਨਣ ਦੀ ਖਾਤਰ ਸ਼ਰਾਰੇ ਫੜੇ ਨੇ॥

ਤੇਰੇ ਸੌਣ ਕਮਰੇ 'ਚ ਤੱਕ ਕੇ ਤਾਂ ਵੇਖੀਂ।
ਦੋ ਅੱਥਰੂ ਕਦੋਂ ਦੇ ਕੁਆਰੇ ਖੜ੍ਹੇ ਨੇ॥

ਜਗੇ 'ਦੀਪ' ਇਹਨਾਂ ਗਮਾਂ ਦਾ ਹਮੇਸ਼ਾ।
ਇਹ ਅਰਮਾਨ ਜਿਸਦੇ ਦੁਆਰੇ ਸੜੇ ਨੇ॥

✵

# ਤੇਰੇ ਰਾਹੀਂ ਦੀਵੇ

ਖ਼ੂਨ ਮੈਂ ਦਿਲ ਦਾ ਪਾਕੇ ਤੇਰੇ ਰਾਹੀਂ ਦੀਵੇ ਧਰਦਾ ਆਇਆਂ।
ਲੋਕੀਂ ਰਾਹ ਮੱਕੇ ਦਾ ਪੁੱਛਣ ਮੈਂ ਤੇਰਾ ਘਰ ਪੁੱਛਦਾ ਆਇਆਂ॥

ਕਵਿਤਾ ਵਰਗੇ ਦਿਨ ਹੁੰਦੇ ਸੀ, ਗ਼ਜ਼ਲ ਜਿਹੇ ਕੁਝ ਖ਼ਾਬ ਕਦੇ ਸੀ।
ਅਰਸਾ ਹੋਇਆ ਹੁਣ ਤਾਂ ਮੈਨੂੰ ਕਿਸੇ ਨਜ਼ਮ ਦਾ ਸੁਫਨਾ ਆਇਆਂ॥

ਜਿਹੜਾ ਕਦੇ ਸੁਆਸਾਂ ਵਾਲੀ ਮਾਲਾ ਦੇ ਸੰਗ ਫਿਰਦਾ ਫਿਰਦਾ।
ਉਮਰ ਗੀਤ ਦੀ ਸੀ ਉਸ ਲੇਖੀਂ ਸੁਫਨਾ ਹੋਇਆ ਮੁੜ੍ਹ ਨਾ ਆਇਆਂ॥

ਮੈਂ ਕਮ ਜ਼ਰਫ ਨਹੀਂ ਕਦੇ ਸਾਂ ਨਾ ਕਮਬਖਤ ਜੇ ਇਸ਼ਕ ਇਹ ਵਰ੍ਹਦਾ।
ਛਤਰੀ ਨਾ ਸੀ ਰੇਨ ਕੋਟ ਨਾ, ਨੰਗੇ ਧੜ ਮੈਂ ਭਿੱਜਦਾ ਆਇਆਂ॥

ਭੁਸਕਣ, ਮੁਸਕਣ, ਪਨਪਣ, ਪਲਰਣ, ਖਿਲਰਣ ਦੀ ਵੀ ਰੁੱਤ ਹੁੰਦੀ ਹੈ।
ਬਾਰੀਂ ਮਾਸੀਂ ਇੱਕੋਂ ਮੌਸਮ ਨੂੰ ਪਰਤਾਵਣ ਹੁਣ ਨਾ ਆਇਆਂ॥

ਵਾਂਗ ਝੂਠ ਦੇ ਡਾਹਢਾ ਪਿਆਰਾ ਮਿੱਠਾ ਤੇ ਦਿਲ ਲੁੱਟਵਾਂ ਜੇਹਾ।
ਸੱਚ ਦੇ ਨੈਣੀਂ ਨਾ ਨੀਂਦਰ ਤੇ ਚਿਰ ਹੋਇਆ ਏ ਸੁਫਨਾ ਆਇਆਂ॥

ਜਦੋਂ ਗਵਾਚੇ ਦਿਨ ਦੀ ਕਬਰੇ ਦੀਪ ਜਗਾਵਣ ਲੋਕੀਂ ਆਵਣ।
ਉਸ ਮੌਸਮ ਦੇ ਰੰਗ ਦੇ ਵਰਗਾ ਉਮਰਾਂ ਹੋਈਆਂ ਸੁਫ਼ਨਾ ਆਇਆਂ॥

✯

# ਸੁਹਾਣੀ ਚਾਂਦਨੀ

ਸੁਹਾਣੀ ਚਾਂਦਨੀ ਦੀ ਬਾਤ ਛੇੜੋ ਯਾਰ ਮਿਹਰਬਾਨੋ।
ਸਰੋਦੀ ਰਾਗਣੀ ਦੀ ਬਾਤ ਛੇੜੋ ਯਾਰ ਮਿਹਰਬਾਨੋ॥

ਜ਼ਰਾ ਨਾਰਾਜ਼ ਹੁੰਦੀ ਜੋ ਕਰੇ ਨਖਰਾ ਜ਼ਰਾ ਵੱਖਰਾ।
ਸਲੋਣੀ ਸਾਂਵਲੀ ਦੀ ਬਾਤ ਛੇੜੋ, ਯਾਰ ਮਿਹਰਬਾਨੋ॥

ਕਦੇ ਕਰਦੀ ਮਿਹਰਬਾਨੀ ਸੁਹਾਣੀ ਝਾਤ ਪਾਉਂਦੀ ਹੈ।
ਕਿ ਸੂਰਤ ਰਾਂਗਲੀ ਦੀ ਬਾਤ ਛੇੜੋ, ਯਾਰ ਮਿਹਰਬਾਨੋ॥

ਕਦੇ ਤੱਕਿਆ ਨਹੀਂ ਐਪਰ ਨਜ਼ਾਰਾ ਰੋਜ਼ ਕਰਦਾ ਹਾਂ।
ਅਸਾਡੀ ਆਸ਼ਕੀ ਦੀ ਬਾਤ ਛੇੜੋ, ਯਾਰ ਮਿਹਰਬਾਨੋ॥

ਕਦੇ ਸ਼ਿਵ ਵਾਂਗ ਮੈਂ ਵੀ ਤਾਂ ਪੁਜਾਰੀ ਸਾਂ ਉਦਾਸੀ ਦਾ।
ਅਸਾਡੀ ਬੇਖੁਦੀ ਦੀ ਬਾਤ ਛੇੜੋ, ਯਾਰ ਮਿਹਰਬਾਨੋ॥

ਤਿਰੀ ਸਰਦਲ ਮਿਰਾ ਸਿਰ ਦਿਲ, ਨਜ਼ਾਰਾ ਹੁਣ ਤੇ ਆਵੇਗਾ।
ਮਿਰੀ ਦੀਵਾਨਗੀ ਦੀ ਬਾਤ ਛੇੜੋ, ਯਾਰ ਮਿਹਰਬਾਨੋ॥

ਉਧੇ ਦਾਮਨ ਤੇ ਕਰਦੇ ਨੇ ਫ਼ਰਿਸ਼ਤੇ ਵੀ ਅਦਾ ਸਜਦੇ।
ਉਧੀ ਪਾਕੀਜ਼ਗੀ ਦੀ ਬਾਤ ਛੇੜੋ, ਯਾਰ ਮਿਹਰਬਾਨੋ॥

✵

# ਦੁਨੀਆਦਾਰੀ ਦੇ ਕੋਹਲੂ

ਦੁਨੀਆਦਾਰੀ ਦੇ ਕੋਹਲੂ ਵਿੱਚ ਅਰਮਾਨਾਂ ਨੇ ਪਿੜਨਾ ਸਿੱਖਿਆ।
ਏਸ ਹਯਾਤੀ ਅੰਦਰ ਤਾਂ ਮੈਂ ਗੋਡਿਆਂ ਪਰਨੇ ਰਿੜ੍ਹਨਾ ਸਿੱਖਿਆ॥

ਤਿਰਹਾਏ ਸੁਫਨੇ ਦੇ ਖੇਤੀਂ ਸੋਕਾ ਨਾ ਪੈ ਜਾਵੇ ਕਿਧਰੇ।
ਮੇਰਿਆਂ ਨੈਣਾਂ ਰੈਣ ਸਬਾਈ ਹਰਟਾਂ ਵਾਂਗਰ ਗਿੜਣਾ ਸਿੱਖਿਆ॥

ਕਿਸ ਵਿਧ ਲੋਕੀਂ ਨੱਠੇ ਫਿਰਦੇ ਹੋਰਾਂ ਦਾ ਮੋਢੀਂ ਸਿਰ ਧਰ ਕੇ।
ਚਾਰ ਚੁਫੇਰੇ ਕਿਸੇ ਦੇ ਮੋਢੀਂ ਉਸਦਾ ਆਪਣਾ ਸਿਰ ਨਾ ਦਿੱਸਿਆ॥

ਦੁਨੀਆਦਾਰੀ ਤੇ ਦਿਲਦਾਰੀ ਇੱਕੋਂ ਪਾਸੇ ਚੁੰਬਕ ਦੇ ਜਿਉਂ।
ਸੱਚ ਸਦੀਵੀ ਇਹਨਾਂ ਦੋਵਾਂ ਨਹੀਂ ਕਦੀਂ ਵੀ ਮਿਲਣਾ ਸਿੱਖਿਆ॥

ਜਿਸ ਨੂੰ ਮਨ ਦੀ ਲੋਚਾ ਹੋਵੇ ਜਿਹੜਾ ਰੂਹ ਤੱਕ ਛੋਹ ਕੇ ਆਵੇ।
ਅੱਜ ਤੋੜੀ ਤਾਂ ਰੂਹ ਅਫ਼ਜ਼ਾਈ ਕਰਨੇ ਵਾਲਾ ਇੱਕ ਨਾ ਦਿਖਿਆ॥

ਕਦੀਂ ਤਾਂ ਲੇਖਾਂ ਦੇ ਵਿੱਚ ਲਿਖਿਆ ਰੂਹ ਮੇਰੀ ਤੱਕ ਆ ਬਹੁੜੇਗਾ।
ਨੈਣਾਂ ਵਾਲਾ ਸੋਹਲ ਗਲੀਚਾ ਹੈ ਰਾਹਾਂ ਦੇ ਵਿੱਚ ਤਾਂ ਵਿਛਿਆ॥

ਦੀਪ ਇਸ਼ਕ ਦਾ ਵੰਡਦਾ ਆਇਆ ਅਜ਼ਲਾਂ ਤੋਂ ਹੀ ਨੂਰ ਸਦੀਵੀ।
'ਦੀਪ' ਹਵਸ ਦਾ ਮੰਗਦਾ ਫਿਰਦਾ ਤੱਕਿਆ ਰਾਹਵਾਂ ਵਿੱਚ ਹਾਂ ਭਿੱਖਿਆ॥

✯

## ਗੁਜਰ ਜਾਂਦੇ ਜਦੋਂ ਲਮਹੇ

ਗੁਜ਼ਰ ਜਾਂਦੇ ਜਦੋਂ ਲਮਹੇ ਬੜੇ ਈ ਯਾਦ ਆਉਂਦੇ ਨੇ।
ਜਦੋਂ ਹੱਥਾਂ 'ਚ ਹੁੰਦੇ ਨੇ ਇਹ ਕੱਖੋਂ ਹੌਲੇ ਲੱਗਦੇ ਨੇ॥

ਕਿਸੇ ਨੇ ਮੇਰੀ ਕਿਸਮਤ ਵਿਚ ਲਿਖਾ ਦਿੱਤੇ ਸੀ ਸਭ ਸਦਮੇਂ।
ਕੋਈ ਇਹ ਭੁੱਲ ਬੈਠਾ ਸੀ ਇਹ ਮੈਨੂੰ ਚੰਗੇ ਲੱਗਦੇ ਨੇ॥

ਕਦੇ ਕੀਤੇ ਕਿਸੇ ਦੇ ਪਾਕ-ਦਾਮਨ ਤੇ ਮੈਂ ਜੋ ਸਜਦੇ।
ਹਰਿਕ ਸਜਦੇ ਤੋਂ ਲੱਖਾਂ ਹੱਜ ਵੀ ਹਲਕੇ ਹੀ ਲਗਦੇ ਨੇ॥

ਅਜੇ ਭੁੱਲਿਆ ਨਹੀਂ ਹਾਂ ਮੈਂ ਅਜੇ ਵੀ ਯਾਦ ਏ ਮੈਨੂੰ।
ਕਿਸੇ ਦੇ ਖ਼ਤ ਅਜੇ ਮੈਨੂੰ, ਮੇਰੇ ਆਪਣੇ ਈ ਲੱਗਦੇ ਨੇ।

ਹਜ਼ਾਰਾਂ ਸੂਰਜਾਂ ਕੱਠਿਆਂ ਵੀ ਹੋ ਕੇ ਜ਼ੋਰ ਸੀ ਲਾਇਆ।
ਪਏ ਛਿੱਥੇ ਜਦੋਂ ਤੱਕਿਆ ਮੁਹੱਬਤ 'ਦੀਪ' ਬਲਦੇ ਨੇ॥

✵

## ਸ਼ਾਮ ਠਰਦੀ ਰਹੀ

ਸ਼ਾਮ ਠਰਦੀ ਰਹੀ ਰਾਤ ਮਰਦੀ ਰਹੀ।
ਜ਼ਿੰਦਗੀ ਇਸ ਤਰ੍ਹਾਂ ਹੀ ਗੁਜਰਦੀ ਰਹੀ॥

ਤਾਪ ਸ਼ਬਨਮ ਨੂੰ ਚੜ੍ਹਦਾ ਰਿਹਾ ਇਸ ਤਰ੍ਹਾਂ।
ਹਰ ਸੁਬਹ ਪੀੜ ਦੇ ਘੁੱਟ ਭਰਦੀ ਰਹੀ॥

ਚੀਸ ਹੁੰਦੀ ਰਹੀ ਭਰ ਜਵਾਂ ਰਾਤ ਦਿਨ।
ਹਾਸਿਆਂ ਦੀ ਮੜ੍ਹੀ ਨਿੱਤ ਉਸਰਦੀ ਰਹੀ॥

ਜ਼ਿੰਦਗੀ ਨੂੰ ਮੈਂ ਲੱਭਦਾ ਰਿਹਾ ਰਾਤ ਦਿਨ।
ਰੇਤ ਵਾਂਗੂੰ ਜੋ ਹੱਥ 'ਚੋਂ ਕਿਰਦੀ ਰਹੀ॥

ਨੂਰ ਵੰਡੀ ਗਿਆ ਹਰ ਕਿਸੇ ਦੇ ਘਰੀਂ।
ਆਵਦੇ ਘਰ ਲਈ ਰਾਤ ਘਰ ਦੀ ਰਹੀ॥

ਮੈਂ ਤਾਂ ਐ 'ਦੀਪ' ਵੰਡੀ ਬੜੀ ਰੌਸ਼ਨੀ।
ਰਾਤ ਜ਼ਹਿਰੀ ਜ਼ਿਹਨ ਵਿੱਚ ਪੱਸਰਦੀ ਰਹੀ॥

✵

## ਸਭ ਨੂੰ ਲਾਰੇ

ਸਭ ਨੂੰ ਲਾਰੇ ਲਾਈ ਜਾਹ।
ਹਲਵੇ ਮੰਡੇ ਖਾਈ ਜਾਹ॥

ਵੇਖ ਗਰੀਬੀ ਅੱਖਾਂ ਨੂੜ।
ਗੱਲਾਂ ਵਿਚ ਟਰਕਾਈ ਜਾਹ॥

ਜਾਵੇ ਦੇਸ਼ ਜੇ ਖੂਹ ਖਾਤੇ।
ਆਪਣੀ ਮੌਜ ਮਨਾਈ ਜਾਹ॥

ਬੇਸ਼ਰਮੀ ਬੱਲੇ ਬੱਲੇ।
ਬੇਸ਼ਰਮੀ ਵਰਤਾਈ ਜਾਹ॥

ਵਲਗਣ ਵਲਗਣ ਵਲਗਣ ਵਲ।
ਨਾ ਐਵੇਂ ਕੰਧਾਂ ਢਾਈ ਜਾਹ॥

ਸਿਖ਼ਰ ਤੇ ਜਾਣਾ ਲੋਚੇ ਜੇ।
ਇਹ ਸਭ 'ਪਾਠ' ਪਕਾਈ ਜਾਹ॥

ਦੀਪ ਨੇਰ੍ਹ ਦੇ ਵੈਰੀ ਨੇ।
ਸਾਰੇ ਦੀਪ ਬੁਝਾਈ ਜਾ॥

*

# ਪੌਣਾਂ ਨੂੰ ਪਾਜ਼ੇਬਾਂ

ਪੌਣਾਂ ਨੂੰ ਪਾਜ਼ੇਬਾਂ ਪਾਵਾਂ।
ਮਹਿਕਾਂ ਦੇ ਸੰਗ ਨੱਚਾਂ ਗਾਵਾਂ॥

ਤਿਤਲੀ ਦੇ ਹੱਥਾਂ ਵਿੱਚ ਹੱਥ ਪਾ।
ਸੰਝ ਸਵੇਰੇ ਕਿਕਲੀ ਪਾਵਾਂ॥

ਮੁਰਗਾਬੀ ਨੂੰ ਤੁਰਨ ਸਿਖਾਵਾਂ।
ਤੇ ਹੰਸਾਂ ਨੂੰ ਤਰਨ ਸਿਖਾਵਾਂ॥

ਪਿੰਡੇ ਮੇਰੇ ਛਾਲੇ ਪੈਂਦੇ।
ਚੰਨ ਚਾਨਣੀ ਵਿੱਚ ਨਹਾਵਾਂ॥

ਪੈਰੀਂ ਛਾਲੇ ਵੀ ਪੈ ਜਾਂਦੇ।
ਜਦ ਮਖਮਲ ਤੇ ਤੁਰ ਕੇ ਆਵਾਂ॥

ਮੇਰੀ ਰੂਹ ਇਹ ਸਭ ਕੁਝ ਆਖੇ।
ਮੈਂ ਰੂਹ ਕਿਸਨੂੰ ਖੋਲ੍ਹ ਵਿਖਾਵਾਂ॥

'ਦੀਪ' ਜਗਾ ਕੇ ਆਸ ਦੀ ਥਾਲੀ।
ਮੈਂ ਦਿਲਬਰ ਦੀ ਆਰਤੀ ਗਾਵਾਂ॥

✵

## ਹਾਸੇ ਹਾਸੇ ਵਿਚ

ਹਾਸੇ ਹਾਸੇ ਦੇ ਵਿੱਚ ਦਿਲ ਨੂੰ ਲਾ ਬੈਠੇ।
ਰਾਤ ਦੀ ਨੀਂਦਰ ਦਿਨ ਦਾ ਚੈਨ ਗੁਆ ਬੈਠੇ॥

ਖਵਰੇ ਕਿੰਨੇ ਜਨਮਾਂ ਦੇ ਪੁੰਨ ਜਾਗੇ ਨੇ।
ਭੌਰ ਪਿਆਰ ਦੇ ਦਿਲ-ਟਾਹਣੀ ਤੇ ਆ ਬੈਠੇ॥

ਨੀਂਦਰ ਨੂੰ ਨਹੀਂ ਆਉਣ ਦੇਣਾ ਨਹੀਂ ਆਉਣ ਦੇਣਾ।
ਸੁਫਨਿਓਂ ਸੁਹਣੇ ਸੱਜਣ ਨੈਣੀਂ ਆ ਬੈਠੇ॥

ਇਸ਼ਕ ਦੇ ਰਾਂਗਲੇ ਪੀੜ੍ਹੇ ਲਭਦੇ ਕਦੇ-ਕਦੇ।
ਸ਼ਾਹਾਂ ਦੇ ਸ਼ਾਹ ਦਿਲ ਨੂੰ ਹਾਂ ਸਮਝਾ ਬੈਠੇ॥

ਤੁਪਕਾ ਤੁਪਕਾ ਤ੍ਰਿਪਕ ਤ੍ਰਿਪਕ ਤੇ ਚੋ ਚੋ ਕੇ।
ਹੁਣ ਤੱਕ ਜੀਕਣ ਆਪਣੀ ਅਉਧ ਹੰਢਾ ਬੈਠੇ॥

ਗਲ਼ ਨੂੰ ਕੱਲਿਆਂ ਕਾਲੀਆਂ ਰਾਤਾਂ ਆਂਦੀਆਂ ਸੀ।
ਤਨਹਾਈ ਸੀ ਗਲ ਦਾ ਹਾਰ ਬਣਾ ਬੈਠੇ॥

ਤੁਸੀਂ ਕਹੋ ਨਾ ਕਹੋ ਅਸਾਨੂੰ ਸ਼ਾਬਾਸ਼-ਏ।
ਗ਼ਜ਼ਲ ਬਹਾਨੇ ਅਸੀਂ ਤਾਂ ਮਜਮਾ ਲਾ ਬੈਠੇ॥

ਸੁਹਣੇ ਸੁਹਣਾ ਕੀਤਾ 'ਦੀਪ' ਜਗਾ ਦਿੱਤਾ।
ਅਸੀਂ ਕਦੇ ਸੀ ਆਸ਼ਾ-ਦੀਪ ਬੁਝਾ ਬੈਠੇ।॥

✵

## ਸਾਗਰ ਦੇ ਆਸ-ਪਾਸ

ਮੈਂ ਰਿਹਾ ਜੇ ਸਾਗਰਾਂ ਦੇ ਆਸ-ਪਾਸ।
ਪਰ ਨਹੀਂ ਮਿਟਦੀ ਮੇਰੀ ਕੈਸੀ ਹੈ ਪਿਆਸ॥

ਨਾ ਨਦੀ ਕੋਈ, ਨਾ ਸਾਗਰ, ਨਾ ਗਿਲਾਸ।
ਵਧ ਰਹੀ ਹੈ ਰਾਤ ਦਿਨ ਕੈਸੀ ਹੈ ਪਿਆਸ॥

ਸੁਫਨਿਆਂ ਦੀ ਸ਼ਾਇਰੀ ਦੇ ਨਾਲ-ਨਾਲ।
ਬਿਨ ਸੱਜਣ ਦੇ ਡੋਲਦੀ ਐਸੀ ਹੈ ਪਿਆਸ॥

ਬੁੱਲ੍ਹ ਸਵਾਂਤੀ ਬੂੰਦ ਖਾਤਰ ਤਰਸਦੇ।
ਜਾਪਦਾ ਇਹ ਚਾਤਰਕ ਜੈਸੀ ਹੈ ਪਿਆਸ॥

ਟੋਲ਼ਦਾਂ ਮੈਂ ਡੋਲਦਾ, ਨਾ ਬੋਲਦਾ।
ਸਾਥ ਪਰਛਾਵੇਂ ਤਰ੍ਹਾਂ ਐਸੀ ਹੈ ਪਿਆਸ॥

ਪਹਿਲੇ ਕਦਮੋਂ ਤੁਰਿਆਂ ਤੇਹ-ਮੁਕਾਮ ਤੋਂ।
ਆਖਰੀ-ਮੰਜ਼ਿਲ ਖੜੀ ਵੇਖੀ ਹੈ ਪਿਆਸ॥

ਬੁਲਬੁਲਾਂ ਨੂੰ ਗੀਤ ਖੁਸ਼ਬੋ ਫੁੱਲ ਨੂੰ।
'ਦੀਪ' ਨੂੰ ਜੋਤੀ ਮੈਨੂੰ ਐਸੀ ਹੈ ਪਿਆਸ॥

✯

# ਬਰੂਹੀਂ ਤੇਲ ਚੋਅ ਰੱਖਣਾ

ਬਰੂਹੀਂ ਤੇਲ ਚੋ ਰੱਖਣਾ ਨਿਗਾਹਾਂ ਰਾਹ ਤੇ ਰੱਖਣਾ।
ਅਸਾਡੀ ਇਹ ਇਬਾਦਤ ਹੈ ਤੇਰਾ ਨਾਂ ਸਾਹ-ਸਾਹ ਜਪਣਾ॥

ਹਥੇਲੀ ਆਸ ਵਾਲੀ ਤੇ ਹਿਨਾ ਤਕਦੀਰ ਦੀ ਲਾ ਕੇ।
ਨਿਗਾਹਾਂ ਭੌਰ ਪਰਦੇਸੀ ਦੀ ਬੱਸ ਪਰਵਾਜ਼ ਤੇ ਰੱਖਣਾ॥

ਹੁਣੇ ਬਹੁੜਨਗੇ ਪਰਦੇਸੀ ਹੁਣੇ ਆਵਣਗੇ ਪਰਦੇਸੀ।
ਅਸਾਡਾ ਨੇਮ ਬਣਿਆ ਹੈ ਕਿ ਕੰਨ ਪਦਚਾਪ ਤੇ ਰੱਖਣਾ॥

ਅਸਾਡਾ ਦਿਲ ਕਦੇ ਬਾਹਲਾ ਨਿਆਣਿਆਂ ਵਾਂਗ ਹੋ ਜਾਂਦੈ।
ਉਹ ਚਾਹੁੰਦੈ ਚੰਦ ਨੂੰ ਫੜ ਕੇ ਘਰੇ ਇੱਕ ਤਾਕ ਤੇ ਰੱਖਣਾ॥

ਕਹਾਉਣਾ 'ਦੀਪ' ਸੌਖਾ ਨਹੀਂ ਜਲਾਉਣਾ ਜਿਗਰ ਸੌਖਾ ਨਹੀਂ।
ਪੁਗਾਵਣ ਵਾਸਤੇ ਇਹ ਸ਼ੌਕ ਦਿਲ ਨੂੰ ਲਾਟ ਜਿਉਂ ਰੱਖਣਾ॥

✵

# ਕਰ ਯਾਦ ਮੇਰੇ ਮਹਿਰਮ

ਕਰ ਯਾਦ ਮੇਰੇ ਮਹਿਰਮ, ਬੀਤੇ ਦੀ ਖੋਲ੍ਹ ਬਾਰੀ।
ਹਮਰਾਹ ਤੇਰੇ ਹਰਦਮ ਬੀਤੀ ਉਮਰ ਜੋ ਸਾਰੀ॥

ਖੁਸ਼ਬੋ ਚੁਫੇਰੇ ਫੈਲੀ ਤੇ ਉਦਾਲੇ ਚਾਂਦਨੀ ਸੀ।
ਜਦ ਤਾਕੀ ਖੋਲ੍ਹ ਮਨ ਦੀ, ਪਹਿਲੀ ਤੂੰ ਝਾਤ ਮਾਰੀ॥

ਓਹ ਵੇਲਾ ਸੀ ਸੁ ਵੇਲਾ ਤੂੰ ਕੋਲ ਸੀ ਤੇ ਨੇੜੇ।
ਤੇਰੀ ਸੁਆਸ ਸੁਆਸ ਓਦੋਂ ਮੈਂ ਸੀ ਆਰਤੀ ਉਤਾਰੀ॥

ਮੇਰੇ ਸੁਆਸ ਤੇਰੀ ਮਾਲਾ ਦਿਨ ਰਾਤ ਫੇਰਦੇ ਨੇ।
ਤੇਰੇ ਨਾਮ ਦੇ ਹੀ ਕਾਰਨ ਹਨ ਸੁਆਸ ਮੇਰੇ ਜਾਰੀ॥

ਵੀਣੀ ਛੁਡਾ ਕੇ ਮੈਥੋਂ ਮਹਿਰਮ ਗਿਓਂ ਕਿਥਾਏਂ।
ਬਣ 'ਦੀਪ' ਤੇਰੀ ਰਾਹੇ ਰਹਿੰਦੀ ਉਮਰ ਗੁਜ਼ਾਰੀ॥

✵

# ਆਵੋਗੇ ਕਿਸੇ ਦਿਨ

ਤੁਸੀਂ ਵੀ ਕੋਲ ਮੇਰੇ ਆਵੋਗੇ ਕਿਸੇ ਦਿਨ।
ਮੇਰੇ ਦਿਲ ਦੀ ਲਗੀ ਨੂੰ ਬੁਝਾਵੋਗੇ ਕਿਸੇ ਦਿਨ॥

ਕਿਸੇ ਦਿਨ ਹੋ ਸਕੇਗੀ ਈਦ ਮੇਰੀ।
ਤੁਸੀਂ ਸੂਰਤ ਦਿਖਾਵੋਗੇ ਕਿਸੇ ਦਿਨ॥

ਕਿਸੇ ਦਿਨ ਜੁਲਫ਼ਾਂ ਦੀ ਛਾਂਵੇਂ ਸੱਜਣ ਜੀ।
ਤਪੇ ਦਿਲ ਨੂੰ ਬਿਠਾਵੋਗੇ ਕਿਸੇ ਦਿਨ॥

ਅਸੀਂ ਰੁੱਸਾਂਗੇ ਝੂਠੀ ਮੂਠੀ ਤੇ ਫਿਰ।
ਅਸਾਂ ਨੂੰ ਆ ਮਨਾਵੋਗੇ ਕਿਸੇ ਦਿਨ॥

ਜੀ ਆਪਣੀ ਨਰਮ ਨਾਜ਼ੁਕ ਛਾਂ ਸਹਾਰੇ।
ਮੇਰੇ ਸੁਫ਼ਨੇ ਸਜਾਵੋਗੇ ਕਿਸੇ ਦਿਨ॥

ਤੁਸੀਂ ਆਪਣੀ ਮੁਹੱਬਤ ਦਾ ਜੀ ਭਰਕੇ।
ਕੋਈ ਪਿਆਲਾ ਪਿਲਾਵੋਗੇ ਕਿਸੇ ਦਿਨ॥

ਅਸਾਡੀ 'ਸੋਚ ਦੇ ਵਿਹੜੇ' ਰਹੇ ਹੋ।
ਅਸਾਡੇ ਵਿਹੜੇ ਆਵੋਗੇ ਕਿਸੇ ਦਿਨ॥

ਤੁਸੀਂ ਮੁਨਸਿਫ਼ ਹੋ ਕੀ ਇਨਸਾਫ ਥੋੜਾ।
ਅਸਾਨੂੰ ਕਰ ਵਿਖਾਵੋਗੇ ਕਿਸੇ ਦਿਨ॥

ਸ਼ਰਬਤੀ ਨੈਣ ਦੋ ਛਲਕਣ ਪਿਆਲੇ।
ਮੇਰੇ ਨੈਣੀ ਰਲਾਵੋਗੇ ਕਿਸੇ ਦਿਨ॥

ਮੁਹੱਬਤ ਹੈ ਜੋ ਇੱਕ ਕੋਹਿਨੂਰ ਹੀਰਾ।
ਅਸਾਡੀ ਝੋਲ ਪਾਵੋਗੇ ਕਿਸੇ ਦਿਨ॥

ਆਸਾਡੇ ਸੱਚ ਨੂੰ ਕੱਚ ਜਾਣਿਆਂ ਕਿਉਂ।
ਖਤਾ ਮੇਰੀ ਬਤਾਵੋਗੇ ਕਿਸੇ ਦਿਨ॥

ਟਿਮਕਦਾ 'ਦੀਪ' ਤੇ ਤਿੱਖੀ ਹਨੇਰੀ।
ਯਕੀਨਨ ਆ ਬਚਾਵੋਗੇ ਕਿਸੇ ਦਿਨ॥

## ਕਦੇ ਕਦਾਈ ਆਵੇਂ ਤਾਂ

ਕਦੇ ਕਦਾਈ ਆਵੇਂ ਤਾਂ ਦੋ ਘੜੀਆਂ ਬਹਿ ਵੀ ਜਾਇਆ ਕਰ।
ਜਾਣੈ, ਜਾਣੈ ਆਖ ਆਖ ਨਾ ਮੇਰਾ ਦਿਲ ਤੜਫਾਇਆ ਕਰ॥

ਢੁੱਕ-ਢੁੱਕ ਬਹਿਨੈ ਗੈਰਾਂ ਲਾਗੇ, ਜੀ ਸਦਕੇ ਬਹਿ ਜਿਉਂਦਾ ਰਹੁ।
ਕਦੇ ਕਦਾਈਂ ਲੜਨ ਲਈ ਸਹੀ, ਸਾਡੇ ਵੱਲ ਵੀ ਆਇਆ ਕਰ॥

ਡਾਢਿਆ ਢੋਲਾ ਤੂੰ ਤੜਫਾਉਨੈਂ, ਮੇਰੀ ਰੂਹ ਨੂੰ ਅਸ਼ਕੇ ਬਈ।
ਲਿਖ ਲਿਖ ਥੱਕਣੈਂ ਗੈਰਾਂ ਨੂੰ, ਦੋ ਹਰਫ਼ ਮੇਰੇ ਨਾਂ ਪਾਇਆ ਕਰ॥

ਗੈਰਾਂ ਦੀ ਸੁਣਦੈਂ ਤੂੰ ਆਖਦੈਂ, ਗੈਰਾਂ ਨੂੰ ਹੀ ਦਿਲ ਦੀ ਗੱਲ।
ਕਦੇ ਤਾਂ ਆਪਣੇ ਬੋਲ ਦੀ ਮਿਸ਼ਰੀ, ਮੇਰੇ ਕੰਨੀਂ ਪਾਇਆ ਕਰ॥

ਗੈਰਾਂ ਸਾਹਵੇਂ ਰੋਲਦੈਂ ਲੱਜ ਤੂੰ ਇਸ਼ਕ ਮੇਰੇ ਦੀ ਡਾਹਢਿਆ ਵੇ।
ਲੋਕ ਤਾਂ ਲੋਕ ਨੇ, ਲੋਕਾਂ ਸਾਹਵੇਂ ਨਾ ਤੂੰ ਇੰਝ ਰੁਆਇਆ ਕਰ॥

ਸ਼ਰਬਤ ਜਾਣ ਕੇ ਘੁੱਟ-ਘੁੱਟ ਪੀਵਾਂ ਬਿਰਹੜਾ ਵਿਹੁ ਪਿਆਲਾ ਵੇ।
ਆਪਣੇ ਆਣ ਦੀ ਆਸ ਦੀ ਏਹਦੇ ਵਿੱਚ ਇੱਕ ਬੂੰਦ ਰਲਾਇਆ ਕਰ॥

ਦਿਲ ਮੇਰੇ ਦੀ ਮਮਟੀ ਸੱਖਣੀ, ਚਾਰ ਚੁਫੇਰੇ ਨ੍ਹੇਰਾ ਏ।
ਕਦੇ ਤਾਂ ਰਾਤ ਬਰਾਤੇ ਆ ਕੇ ਦਰਸ਼ ਦੇ 'ਦੀਪ' ਜਗਾਇਆ ਕਰ॥

✵

## ਸਾਵਣ ਦੀ ਰੁੱਤ

ਸਾਵਣ ਦੀ ਰੁੱਤ ਆਈ ਸੁਹਾਣੀ।
ਬਿਰਹਣ ਦੇ ਨੈਣੀਂ ਪਰ ਪਾਣੀ॥

ਮਨ ਤਾਈਂ ਇਹ ਲਾਂਬੂ ਲਾਵੇ।
ਬਦਨ ਭਿਉਂਵੇਂ ਬੇਸ਼ੱਕ ਪਾਣੀ॥

ਰੋੜਾਂ ਵਾਂਗਰ ਸੁਫ਼ਨੇ ਰੜਕਣ।
ਆਪ ਫਬਾਏ ਜੋ ਰੂਹ ਥਾਣੀ॥

ਇਸ ਸਾਵਣ ਕਿੱਥੇ ਹੋਵਣਗੇ।
ਖਵਰੇ ਪਿਛਲੀ ਰੁੱਤ ਦੇ ਹਾਣੀ॥

ਖੜ੍ਹੀ ਅਡੋਲ ਜੋਤ ਦੇ ਵਾਂਗਰ।
'ਦੀਪ' ਦੀ ਜੂਨੇ ਪਈ ਨਿਮਾਣੀ॥

✡

## ਤੇਰੀਆਂ ਸੋਚਾਂ

ਤੇਰੀਆਂ ਸੋਚਾਂ ਸੋਚ ਸੋਚ ਕੇ, ਜੀਵਨ ਵਿੱਚ ਰੰਗ ਭਰ ਲੈਂਦਾ ਹਾਂ।
ਜਦ ਕੋਈ ਤੇਰਾ ਨਾਂ ਪੁੱਛੇ, ਕੋਰੀ ਨਾਂਹ ਮੈਂ ਕਰ ਲੈਂਦਾ ਹਾਂ॥

ਜੇ ਤੇਰਾ ਜੀ ਕਰਦਾ ਨਹੀਂਓਂ, ਨਾ ਕਰ ਤੂੰ ਇਕਰਾਰ ਵੇ ਸੱਜਣਾ।
ਇੱਕ ਤੇਰੀ ਬੱਸ ਖੁਸ਼ੀ ਦੀ ਖਾਤਿਰ, ਸਭ ਤਾਹਨੇ ਮੈਂ ਜਰ ਲੈਂਦਾ ਹਾਂ॥

ਕੀ ਕਵਿਤਾ ਕੀ ਗ਼ਜ਼ਲ ਨਾ ਜਾਣਾ, ਮੈਂ ਜਾਣਾ ਬਸ ਏਨਾ ਯਾਰਾ।
ਮੈਂ ਤਾਂ ਗ਼ਜ਼ਲ ਜਾਂ ਗੀਤ ਬਹਾਨੇ, ਗੱਲ ਤੇਰੇ ਨਾਲ ਕਰ ਲੈਂਦਾ ਹਾਂ॥

ਦਿਲ ਦਾ ਪੈਂਡਾ ਬਿਖੜਾ ਪੈਂਡਾ, ਆਖਣ ਮੇਰੇ ਬੇਲੀ ਮੈਨੂੰ।
ਨੂਰ ਤੇਰੇ ਨੈਣਾਂ ਦਾ ਤੱਕ ਕੇ, ਇਹ ਪੈਂਡਾ ਕਰ ਸਰ ਲੈਂਦਾ ਹਾਂ॥

ਹਾਕਾਂ ਮਾਰਾਂ ਦਿਆਂ ਦੁਹਾਈ, ਆ ਮਿਲ, ਆ ਮਿਲ, ਆ ਮਿਲ ਮੈਨੂੰ।
ਮੈਂ ਤਿਰਹਾਇਆਂ ਪੋਟਿਆਂ ਤਾਈਂ, ਖ਼ਾਬ ਨਦੀ ਦੇ ਪਰ ਲੈਂਦਾ ਹਾਂ॥

## ਕਿਸ ਦਰ ਅਲਖ ਜਗਾਵਾਂ ?

ਕਿਸ ਦਰ ਅਲਖ ਜਗਾਵਾਂ ਦੱਸ ਜਾਹ ?
ਕਿਸ ਲਈ ਕੰਨ ਪੜਵਾਵਾਂ ਦੱਸ ਜਾਹ ?

ਖੁਸ਼ਬੋ ਹੈਂ ਕਿ ਚਾਨਣੀ ਧੁੱਪ ਹੈਂ।
ਤੂੰ ਆਪਣਾ ਸਰਨਾਵਾਂ ਦੱਸ ਜਾਹ॥

ਸੂਤੀ ਸੰਘੀ ਵਕਤ ਨੇ ਡਾਹਢੇ।
ਗਾਵਾਂ ਤਾਂ ਕਿੰਞ ਗਾਵਾਂ ਦੱਸ ਜਾਹ॥

ਆਪੂੰ ਕਿਉਂ ਬਨਵਾਸ ਲਿਖਾਇਐ।
ਹੀਰਿਆ! ਮੈਂ ਕਿਤ ਜਾਵਾਂ ਦੱਸ ਜਾਹ॥

ਤੇਰੀ ਖਾਤਰ ਸਭ ਨੂੰ ਭੁੱਲਿਆਂ।
ਤੈਨੂੰ ਕਿਵੇਂ ਭੁਲਾਵਾਂ ਦੱਸ ਜਾਹ॥

ਨ੍ਹੇਰੀਆਂ ਸੁੰਨ ਮਸਾਨ ਨੇ ਰਾਹਵਾਂ।
ਕਿੱਦਾਂ 'ਦੀਪ' ਜਗਾਵਾਂ ਦੱਸ ਜਾਹ॥

## ਸਾਨੂੰ ਅੱਜ ਸੁਹਣੇ ਯਾਰ ਦਾ

ਸਾਨੂੰ ਅੱਜ ਸੁਹਣੇ ਯਾਰ ਦਾ ਦੀਦਾਰ ਹੋ ਗਿਆ।
ਸਾਡਾ ਦਿਲ ਤੇ ਦਿਮਾਗ ਸਰਸ਼ਾਰ ਹੋ ਗਿਆ॥

ਸਾਡੇ ਹੋ ਗਏ ਨਿਹਾਲ ਨੈਣ ਮੁੱਦਤੋਂ ਤਿਹਾਏ।
ਸਾਡੇ ਦਿਲ ਦਾ ਬਗੀਚਾ ਗੁਲਜ਼ਾਰ ਹੋ ਗਿਆ॥

ਐਵੇਂ ਅੱਥਰੇ ਨਿਆਣੇ ਵਾਂਗ ਖਹਿੜੇ ਪਈ ਜਾਂਦਾ।
ਐਵੇਂ ਜਾਪਦਾ ਏ ਦਿਲ ਬੇ-ਕਰਾਰ ਹੋ ਗਿਆ॥

ਉਹਨੂੰ ਛੱਡ ਕੇ ਮੈਂ ਕਿੱਦਾਂ ਕਦੋਂ ਹੋਰ ਕੁਝ ਸੋਚਾਂ।
ਹੁਣ ਸੋਚਾਂ ਉੱਤੇ ਉਹਦਾ ਅਧਿਕਾਰ ਹੋ ਗਿਆ॥

ਦੀਪ ਜਗਦਾ ਸੀ, ਜਗਦਾ ਸੀ 'ਦੀਪ' ਕੱਲਾ-ਕਾਰਾ।
ਹੁਣ ਜਾਪਦਾ ਏ 'ਦੀਪ' ਦਾ ਪਸਾਰ ਹੋ ਗਿਆ॥

✵

# ਪਾਣੀ

ਬੜੀ ਹੀ ਦੇਰ ਤੇਰੀ ਦੀਦ ਖਾਤਰ ਤਰਸਿਆ ਪਾਣੀ।
ਮਗਰ ਫਿਰ ਜਾਕੇ ਐਵੇਂ ਓਬੜਾਂ ਤੇ ਬਰਸਿਆ ਪਾਣੀ॥

ਓਹੀ ਬਣ ਜਾਂਦਾ 'ਗੰਗਾ ਜਲ ਤੇ ਜਮਜਮ' ਵੀ ਹੋ ਜਾਂਦਾ।
ਮਗਰ ਆਹ! ਆਪ ਨੇ ਦਿਲਬਰ ਨਹੀਂ ਉਹ ਪਰਸਿਆ ਪਾਣੀ॥

ਓਹੋ ਤੇਰੀ ਅਦਾ ਕੋਈ ਸੀ ਕਿ ਤੇਰੀ ਸ਼ਰਾਰਤ ਸੀ।
ਤੇਰਾ ਉਹ ਰੋੜ ਵੱਜਣ ਬਾਅਦ ਬੇਹਦ ਤੜਪਿਆ ਪਾਣੀ॥

ਤੇਰੀ ਏਨੀ ਇਨਾਇਤ ਮੇਰੀਆਂ ਤ੍ਰਿਹਾਈਆ ਅੱਖਾਂ ਨੂੰ।
ਛਮਾ-ਛਮ ਬਰਸਦਾ ਰਹੇ ਜੋ ਸੱਜਣ ਤੂੰ ਬਖਸ਼ਿਆ ਪਾਣੀ॥

✲

## ਮੈਂ ਰਿਹਾ ਵਾਂ ਸਾਗਰਾਂ ਦੇ

ਮੈਂ ਰਿਹਾ ਵਾਂ ਸਾਗਰਾਂ ਦੇ ਆਸ ਪਾਸ।
ਪਰ ਨਹੀਂ ਮਿਟਦੀ ਮੇਰੀ ਕੈਸੀ ਹੈ ਪਿਆਸ॥

ਸੁਫਨਿਆਂ ਦੀ ਸ਼ਾਇਰੀ ਦੇ ਨਾਲ-ਨਾਲ।
ਬਿਨ ਸੱਜਣ ਦੇ ਡੋਲਦੀ ਐਸੀ ਹੈ ਪਿਆਸ॥

ਨਾ ਨਦੀ ਕੋਈ ਨਾ ਸਾਗਰ ਨਾ ਗਿਲਾਸ।
ਵਧ ਰਹੀ ਹੈ ਰਾਤ ਦਿਨ ਕੈਸੀ ਹੈ ਪਿਆਸ॥

ਬੁੱਲ ਸਵਾਂਤ ਬੂੰਦ ਖਾਤਰ ਤਰਸਦੇ।
ਜਾਪਦਾ ਹੈ ਚਾਤਰਕ ਜੈਸੀ ਇਹ ਪਿਆਸ॥

ਟੋਲਦਾ, ਮੈਂ ਡੋਲਦਾ ਨਾ, ਬੋਲਦਾ।
ਸਾਥ ਪਰਛਾਵੇਂ ਤਰ੍ਹਾਂ ਐਸੀ ਹੈ ਪਿਆਸ॥

ਪਹਿਲੇ ਕਦਮੋਂ ਤੁਰਿਆਂ ਤੇਹ ਮੁਕਾਮ ਤੋਂ।
ਆਖਰੀ ਮੰਜ਼ਿਲ ਖੜੀ ਵੇਖੀ ਹੈ ਪਿਆਸ॥

ਬੁਲਬੁਲਾਂ ਨੂੰ ਗੀਤ ਖੁਸ਼ਬੋ ਫੁੱਲ ਨੂੰ।
'ਦੀਪ' ਨੂੰ ਜੋਤੀ ਜਿਵੇਂ ਐਸੀ ਹੈ ਪਿਆਸ॥

✯

## ਕਰ ਯਾਦ

ਕਰ ਯਾਦ ਮੇਰੇ ਮਹਿਰਮ।
ਬੀਤੇ ਦੀ ਖੋਲ੍ਹ ਬਾਰੀ॥
ਹਮਰਾਹ ਤੇਰੇ ਹਰਦਮ।
ਬੀਤੀ ਜੋ ਉਮਰ ਸਾਰੀ॥

ਖੁਸ਼ਬੋ ਚੁਫੇਰੇ ਫੈਲੀ।
ਉਦਾਲੇ ਚਾਂਦਨੀ ਸੀ॥
ਜਦ ਤਾਕੀ ਖੋਲ੍ਹ ਮਨ ਦੀ।
ਪਹਿਲੀ ਤੂੰ ਝਾਤ ਮਾਰੀ॥

ਉਹ ਵੇਲਾ ਸੀ ਸੁਵੇਲਾ।
ਤੂੰ ਕੋਲ ਸੀ ਤੇ ਨੇੜੇ॥
ਤੇਰੀ ਸੁਆਸ-ਸੁਆਸ ਓਦੋਂ।
ਸੀ ਆਰਤੀ ਉਤਾਰੀ॥

ਮੇਰੇ ਸੁਆਸ ਤੇਰੀ ਮਾਲਾ।
ਦਿਨ ਰਾਤ ਫੇਰਦੇ ਨੇ॥
ਤੇਰੇ ਨਾਮ ਦੇ ਹੀ ਕਾਰਣ।
ਹਨ ਸੁਆਸ ਮੇਰੇ ਜਾਰੀ॥

ਵੀਣੀ ਛੁਡਾ ਕੇ ਮੈਥੋਂ।
ਮਹਿਰਮ ਗਿਓਂ ਕਿਥਾਏਂ॥
ਬਣ ਦੀਪ ਤੇਰੀ ਰਾਹੇ।
ਰਹਿੰਦੀ ਉਮਰ ਗੁਜ਼ਾਰੀ॥

✵

# ਦੀਪ ਨ੍ਹੇਰੇ ਦੇ ਵੈਰੀ ਨੇ

ਯਾਰਾ ਟੁੱਲ ਲਗਾਈ ਜਾ।
ਫਿਕਰ ਕਰੀਂ ਨਾ 'ਪਾਈ' ਦਾ॥

ਸੁਣੇ ਕੋਈ ਕਿ ਸੁਣਦਾ ਨਹੀਂ।
ਡੌਰੂ ਤੂੰ ਖੜਕਾਈ ਜਾ॥

ਸਭਨਾਂ ਦੀ ਮੱਤ ਮਾਰੀ ਰੱਖ।
ਆਪਣਾ ਅਸਰ ਵਿਖਾਈ ਜਾ॥

ਲੀਕਾਂ ਮਾਰ ਕੇ ਖਲਕਤ ਵੰਡ।
ਭਰਮਾਂ ਦੇ ਵਿੱਚ ਪਾਈ ਜਾ॥

ਅਕਲਾਂ ਦੇ ਤੋਤੇ ਨਾ ਤਾੜ।
ਚੈਨ ਦੇ ਚਿੜੇ ਉਡਾਈ ਜਾ॥

ਥਾਲੀ ਵਾਲਾ ਬੈਂਗਣ ਬਣ।
ਆਪਣਾ ਮੁੱਲ ਵਧਾਈ ਜਾ॥

ਦੀਪ ਨੇਰ੍ਹੇ ਦੇ ਵੈਰੀ ਨੇ।
ਸਾਰੇ ਦੀਪ ਬੁਝਾਈ ਜਾ॥

✵

## ਗਜ਼ਲ ਦੀ ਵੀਣੀ

ਗ਼ਜ਼ਲ਼ ਦੀ ਵੀਣੀ ਫੜਨੀ ਲੋਚੇਂ ਕਿੰਨਾ ਏਂ ਨਾਦਾਨ ਦਿਲਾ।
ਗ਼ਜ਼ਲ਼ ਦੀ ਨਾਜ਼ਕ ਵੀਣੀ ਫੜ੍ਹਨੀ ਨਾ ਏਨੀ ਆਸਾਨ ਦਿਲਾ॥

ਕਈ ਤੁਫਰਕੇ ਫਿਰਕੇ-ਫੁਰਕੇ ਗਜ਼ਲ਼-ਵਕਾਲਤ ਕਰਦੇ ਨੇ।
ਜੀਕਣ ਹੋਵੇ ਸੌ ਕੰਧਾਂ ਨੇ ਵੰਡਿਆ ਇੱਕ ਮਕਾਨ ਦਿਲਾ॥

ਮੇਰੇ ਨੂੰ ਲਿਖ ਮਿਰਾ ਸਮਝਦੇ ਗਜ਼ਲ਼ ਦੀ ਕਾਣੋਂ ਕੱਢ ਮਾਰੀ।
ਪੱਚਰਾਂ 'ਲਾ' 'ਲਾਹ' ਪਾਉਂਦੇ ਓਹੋ, ਮੇਰੀ ਜਾਚੇ 'ਕਾਣ' ਦਿਲਾ॥

ਏਸ ਦੇ ਦਰ, 'ਦਰਬਾਨ,' ਬਥੇਰੇ 'ਸੰਤ-ਮਹੰਤ' ਨੇ ਲੱਭ ਪੈਂਦੇ।
ਜਿਹੜੇ ਮੱਥੇ ਵੇਖ ਵੇਖ ਕੇ ਤਾਂ ਫਿਰ ਤਿਲਕ ਲਗਾਣ ਦਿਲਾ॥

'ਸਿਖਰ' 'ਚੁਬਾਰੇ' ਚੜ੍ਹ ਬਹਿੰਦੇ ਜੋ ਅੰਦਰੋਂ ਕੁੰਡੀ ਲਾ ਲੈਂਦੇ।
ਉਹ ਨਹੀਂ ਚਾਹੁੰਦੇ ਹੋਰ ਵੀ ਕੋਈ, ਸਿਖਰਾਂ ਤੇ ਚੜ੍ਹ ਜਾਣ ਦਿਲਾ॥

ਨਾ ਤਿੰਨਾਂ 'ਚੋਂ, ਨਾ ਤੇਰ੍ਹਾਂ 'ਚੋਂ ਗਜ਼ਲ ਦਾ ਗਾਜ਼ੀ ਬਣਨਾ ਏਂ।
'ਦੀਪ' ਦੀਆਂ ਗ਼ਜ਼ਲਾਂ ਨੂੰ ਪੜ੍ਹ-ਪੜ੍ਹ ਸਾਰੇ ਝਾੜਾਂ ਪਾਣ ਦਿਲਾ॥

✵

## ਹਾਦਸਾ ਦਰ ਹਾਦਸਾ

ਜੇ ਨਾ ਗੁਜਰਦਾ ਹਾਦਸਾ ਦਰ ਹਾਦਸਾ।
ਫੇਰ ਜਿੰਦੂ ਭੌਰ ਕੀਕਣ ਜਾਗਦਾ॥

ਬੋਲਿਆ ਨਾ, ਮੌਨ ਬੈਠਾ ਮੈਂ ਰਿਹਾ।
ਮੁਖਤਸਰ ਹੋਇਆ ਮੇਰਾ ਹਰ ਰਾਬਤਾ॥

ਵੇਖ ਟਿੱਕੀ ਚੰਨ ਦੀ ਮੈਂ ਸੋਚਿਆ।
ਚੰਨ ਤਾਂ ਹੈ ਕੋਲ ਮੇਰੇ ਮਾਲਕਾ॥

ਖੋਟ ਸੋਚੀਂ ਰਲ ਗਈ ਤੱਕ ਗੋਲ਼ਕਾਂ।
ਰਹਿਬਰਾਂ ਨੇ ਵੇਚ ਖਾਧਾ ਖਾਲਸਾ॥

ਤਿਲਕ, ਬੋਦੀ ਤੇ ਜੇਨਊ ਪਲਟ ਦੇਹ।
ਕੇਸ ਲੰਬੇ, ਬਣ ਗਿਆ ਜੀ ਗਾਤਰਾ॥

ਰੋਗ ਹੋਇਆ ਵੇਖਦਾਂ ਮੈਂ ਕੌਮ ਨੂੰ।
ਡੱਫ ਆਪਣੀ ਆਪਣੇ ਹੀ ਰਾਗ ਦਾ॥

ਸੂਲਾਂ ਰੋੜੇ, ਹੈ ਹਨੇਰੀ ਤੇ ਹਨੇਰ।
ਪੁਰਖਤਰ ਹੈ ਦੀਪ ਦੀ ਤਾਂ ਯਾਤਰਾ॥

✵

## ਕੁਝ ਤਾਂ ਆਖਣ

ਕੁਝ ਤਾਂ ਆਖਣ ਸਾਹਿਤ ਹੋਇਆ ਪਹਿਲਾਂ ਨਾਲੋਂ ਠੀਕ ਦਿਲਾ।
ਕੁਝ ਕਹਿੰਦੇ ਨੇ ਸਾਹਿਤ ਹੋਇਆ ਪਹਿਲਾਂ ਨਾਲੋਂ 'ਵੀਕ' ਦਿਲਾ॥

ਪਰਚੇ-ਪੁਰਚੇ, ਚਰਚੇ-ਚੁਰਚੇ, ਅਖਬਾਰਾਂ ਵਿੱਚ ਛਪਦੇ ਫਿਰ।
ਪਹਿਲੋਂ ਨਾਂਵਾਂ ਸ਼ਾਵਾਂ 'ਓਹੋ' ਘੁੱਟ-ਘੁਟ ਲੈਂਦੇ ਡੀਕ ਦਿਲਾ॥

ਮੇਰਾ ਤਾਲੂ ਗੰਜਾ ਹੋ ਜੂ ਏਨੀ ਕੁੱਟ ਤਾਂ ਪੈਣੀ ਹੈ।
ਮੈਂ ਤਾਂ ਗਲਤ ਨੂੰ ਸਹੀ ਨਾ ਆਖਿਆ, ਠੀਕ ਨੂੰ ਆਖਾਂ ਠੀਕ, ਦਿਲਾ॥

ਆਪਣੇ ਕੰਨੀਂ ਸੁਣਿਆਂ, ਕਵੀਆਂ ਇੱਕ ਦੂਜੇ ਨੂੰ ਸਮਝਾਇਆ।
ਮੈਂ ਵੀ ਥੋੜਾ ਮਾਣ ਕਰਾਂਗਾ, ਮੋੜ ਦਿਆਂਗਾ 'ਫੀਸ', 'ਦਿਲਾ'॥

ਅੰਨ੍ਹੇ ਰਾਜੇ, ਪਰਜਾ ਬੋਲ਼ੀ, ਧੂਹੀ ਫਿਰਦੇ ਸਾਹਿਤ ਨੂੰ।
ਪੁਸਤਕ ਲਿਖਣੀ, ਛਾਪਣੀ, ਵੰਡਣੀ, ਵੇਚਣੀ ਕੀ ਇੱਕ ਚੀਸ ਦਿਲਾ॥

ਪ੍ਰਕਾਸ਼ਕ ਲੇਖਕ ਦੇ ਪੱਲਿਓਂ ਕੁੱਲ-ਛਪਾਈ ਲੈ ਲੈਂਦੇ।
ਪਰ ਝੋਲੀ ਦੇ ਵਿੱਚ ਪਾਉਂਦਾ ਹੈ ਅੱਧ-ਪਚੱਧੀ 'ਭੀਖ' ਦਿਲਾ॥

ਖਾਲਸ ਬੋਲੀ-ਬੋਲੇ ਦਾ ਵੀ ਇੱਕ ਵਿਵਾਦ ਬਣਾਇਆ ਹੈ।
ਬੋਲੀ ਦੇ ਨਾਂ ਤੇ ਇਹ ਸੂਬਾ ਹੋਇਐ 'ਪੀਸੋ-ਪੀਸ' ਦਿਲਾ॥

ਢੇਰਾਂ ਸਨਮਾਨਾਂ ਦਾ ਚਾਨਣ ਆਪੇ ਓਥੇ ਹੁੰਦਾ ਹੈ।
ਤੇਲ ਆਵਦਾ, ਬੱਤੀ ਆਪਣੀ, ਆਪਣਾ ਜਿਸਦੇ 'ਦੀਪ' ਦਿਲਾ॥

✵

## ਅੰਤਰ ਦੀਪ ਪਛਾਣੀਏਂ

ਖੜੋ ਕੇ ਆਈਨੇ ਦੇ ਸਾਹਮਣੇ।
ਚਲੋ ਜੀ, ਆਪ ਨੂੰ ਹੀ ਜਾਣੀਏ॥

ਕਦੇ ਲੋਕਾਂ ਤੋਂ ਚੋਰੀ ਚੁਪਕੇ-ਚੁਪਕੇ।
ਜੀ, ਸੰਗਤ ਆਪਣੀ ਵੀ ਮਾਣੀਏ॥

ਦਿਸਣਗੇ ਦਾਗ ਧੋਵਾਂਗੇ ਤਦੋਂ ਹੀ।
ਸਿਆਣੇ ਬਣਕੇ ਜੀਅ ਸਿਆਣੀਏ॥

ਸਿਤਾਰੇ ਤਾਂ ਗਗਨ ਦੇ ਦੂਰ ਨੇ ਪਰ।
ਆ ਮਿੱਟੀ 'ਚੋਂ ਸਿਤਾਰੇ ਛਾਣੀਏ॥

ਵਤਨ ਨੇ ਕੀ ਅਸਾਡੀ ਝੋਲ ਪਾਇਆ।
ਭੁਲਾ ਕੇ ਦੇਸ਼-ਦਾਰੀ ਜਾਣੀਏ॥

ਸਿਰਫ ਚਿੰਤਾ ਨਹੀਂ ਚਿੰਤਨ ਵੀ ਕਰੀਏ।
ਕਿ ਖੁਸ਼ਬੂ ਆਪਣੀ ਨੂੰ ਜਾਣੀਏ॥

ਚੁਫੇਰੇ ਚਾਨਣਾ ਹੀ ਫੇਰ ਹੋਣੈ।
ਜੀ ਅੰਤਰ 'ਦੀਪ' ਨੂੰ ਪਛਾਣੀਏ॥

✵

## ਦੀਪ ਮਿੱਟੀ ਦਾ ਜਗੂ

ਰੰਗ ਖੁਸ਼ਬੂ ਰੌਸ਼ਨੀ ਤੇ ਤਿਤਲੀਆਂ।
ਕਿਸਦੇ ਹੱਥੀਂ ਆਉਂਦੀਆਂ ਨੇ ਮਚਲਿਆਂ॥

ਸੋਚ ਅੰਬਰ ਗਾਹੁੰਦੀਆਂ ਇਹ ਬਦਲੀਆਂ।
ਰੰਗ ਖੁਸ਼ਬੋ ਰੌਸ਼ਨੀ ਤੇ ਤਿਤਲੀਆਂ॥

ਗਗਨ ਸਾਰਾ, ਧਰਤ ਸਾਰੀ, ਸਾਗਰੀਂ।
ਗਾਹੁੰਦੀਆਂ ਨੇ, ਭਉਂਦੀਆਂ ਨੇ ਪਗਲੀਆਂ॥

ਸੋਚ ਦੇ ਪਿੰਡੇ ਨੂੰ ਕੋਮਲ-ਮਲਕੜੇ।
ਛੋਹਦੀਆਂ ਨੇ ਲੇਖਣੀ ਦੀਆਂ ਉਂਗਲੀਆਂ॥

ਬਾਂਸ ਦੀ ਬੰਸੀ ਤਾਂ ਬਣ ਜਾਵੇ ਮਗਰ।
ਬਿਨ ਰੰਝੇਟੇ ਬਣਦੀਆਂ ਨਾ ਵੰਝਲੀਆਂ॥

ਹੁੰਦਾ ਜੇ ਨਾ ਨਾਮ ਦਿਲ ਦਾ ਲੋਥੜਾ।
ਇਸ ਜਹਾਨੇ ਰੁਲਦੀਆਂ ਨਾ ਕਮਲੀਆਂ॥

ਦੀਪ ਮਿੱਟੀ ਦਾ ਜਗੂ ਏਸੇ ਤਰ੍ਹਾਂ।
ਕੀ ਵਿਗੜ ਜਾਊ ਗਿਰਣ ਜੇ ਬਿਜਲੀਆਂ॥

✵

# ਰਹਿਣ ਦੇ

ਰਹਿਣ ਦੇ ਤੂੰ ਕੋਲ ਮੇਰੇ ਕੁਝ ਤਾਂ ਦੌਲਤ ਰਹਿਣ ਦੇ।
ਨੈਣੀਂ ਹੰਝੂ ਦਿਲ ਦੇ ਅੰਦਰ ਅਪਣੀ ਚਾਹਤ ਰਹਿਣ ਦੇ॥

ਇਲਤਜ਼ਾ ਹੈ, ਇਹ ਗੁਜ਼ਾਰਸ਼ ਬੇਨਤੀ ਮੇਰੀ ਸੁਣੀ।
ਦੇਹ ਡੋਲੀ ਚਾੜ੍ਹ ਕੇ ਵੀ, ਮੇਰੀ ਰਾਹਤ ਰਹਿਣ ਦੇ॥

ਮਹਿਕ ਤੇਰੀ ਯਾਦ ਵਾਲੀ ਰੂਹ ਪਟਾਰੇ ਪਾਲਣੀ।
ਹੁਣ ਮਿਲੇ ਜਾਂ ਨਾ ਮਿਲੇ ਹੁਣ ਤੇਰੀ ਰੰਗਤ ਰਹਿਣ ਦੇ॥

ਸਿਸਕਦੀ ਵੰਝਲੀ ਮੇਰੀ ਤੇ ਸੁਲਗਦੇ ਮੇਰੇ ਹਰਫ।
ਇਸ ਦਹਕਦੀ, 'ਕੱਲ ਵਿੱਚ, ਇਹ ਮੇਰੀ ਸੰਗਤ ਰਹਿਣ ਦੇ॥

ਚੀਸ ਦੇ ਜਾ, ਟੀਸ ਦੇ ਜਾ, ਦੇ ਜਾ ਤੂੰ ਕੋਈ ਦਹਕ।
'ਦੀਪ' ਦੀ ਜੋਤੀ ਨਾ ਬਣ ਪਰ ਮੇਰੀ ਬਰਕਤ ਰਹਿਣ ਦੇ॥

✲

## ਮਨ ਦੀ ਮਮਟੀ

ਮਨ ਦੀ ਮਮਟੀ ਤੇਰੇ ਨਾਂ ਦਾ 'ਦੀਪ' ਬਲੇ,
ਨਜ਼ਰਾਂ ਦੇ ਵਿੱਚ ਸੂਰਤ ਤੇਰੀ ਸੁਬਹ ਸ਼ਾਮ।

ਪੜ੍ਹ ਨਾ ਲੈ ਜੱਗ ਚੰਦਰਾ ਕਿਧਰੇ ਨੈਣ ਮੇਰੇ,
ਰੀਤ ਪਰੀਤ ਦੀ ਜਾਣਦਾਂ, ਦੇਂਦਾ ਨਾ ਪੈਗਾਮ।

ਤਨ ਮਨ ਆਤਮਾ ਅੰਦਰ ਤੂੰ ਸੀ, ਤੂੰ ਹੀ ਹੈਂ,
ਕੌਣ ਮਿਟਾਊ ਪੱਥਰ ਉੱਤੇ ਪਿਆ ਨਿਸ਼ਾਨ।

'ਰਜਨੀ' ਸਜਨੀ ਤੇਰੇ ਦਰ ਤੇ ਲੈ ਜਾਊ,
ਭਾਰੇ ਮਨ ਨਾਲ ਲਿਖਿਆ ਪੱਤਰ ਤੇਰੇ ਨਾਮ।

ਟੀਸ ਦੇ ਵਾਂਗਰ ਵੱਸ ਗਿਆਂ ਤੂੰ ਮਨਮੋਹਿਣਿਆਂ ਵੇ,
ਆ ਜਾ ਵੇਖ ਲੈ ਦਿਲ ਤੇ ਖੁਣਿਆਂ ਤੇਰਾ ਨਾਮ।